ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ ਜੁਲਾਈ-ਸਤੰਬਰ 2022

ਅੰਕ 18ਵਾਂ

# ਪਰਵਾਸ

## ਯੂਰਪੀ ਵਿਸ਼ੇਸ਼ ਅੰਕ-1



ਪਰਵਾਸੀ ਸਾਹਿਤ ਅਧਿਐਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

parvasggn@gmail.com, O9187290-80250,O9195010-27522

# ਪਰਵਾਸੀ ਸਾਹਿਤ ਅਧਿਐਨ ਕੇਂਦਰ



ਪਰਵਾਸ ਮੈਗਜ਼ੀਨ ਦਾ 17ਵਾਂ ਆਸਟਰੇਲੀਆ ਵਿਸ਼ੇਸ਼ ਅੰਕ
ਰਿਲੀਜ਼ ਕਰਦੇ ਹੋਏ



ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਮਿੰਦਰ ਸੋਢੀ, ਸੁਰਿੰਦਰ ਗੀਤ,
ਨਕਸ਼ਦੀਪ ਪੰਜਕੋਹਾ, ਹਰਦਿਆਲ ਸਿੰਘ ਚੀਮਾ, ਨੀਲੂ ਜਰਮਨੀ ਤੇ ਪ੍ਰੀਤ ਗਿੱਲ ਦਾ ਸਨਮਾਨ

ਪੁਸਤਕ ਲੜੀ-18 ਜੁਲਾਈ-ਸਤੰਬਰ 2022

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

**ਮੁੱਖ ਸੰਪਾਦਕ**
ਡਾ. ਸ. ਪ. ਸਿੰਘ

**ਮੁੱਖ ਪ੍ਰਬੰਧਕ**
ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਸੰਪਾਦਕ**
ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਉਪ-ਸੰਪਾਦਕ**
ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**
ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਵਨੀਤਾ (ਦਿੱਲੀ)
+919811323640
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**
ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

**ਸਹਿ-ਸੰਪਾਦਕ (ਤਕਨੀਕੀ): ਰਜਿੰਦਰ ਸਿੰਘ ਸੰਧੂ +919465642568**

# ਇਸ ਅੰਕ ਵਿੱਚ


**ਸੰਪਾਦਕੀ** — **ਡਾ. ਸ. ਪ. ਸਿੰਘ**

## ਮਿੱਟੀ ਮਾਣ ਕਰੇ — 7-12

**ਮਿੱਟੀ ਮਾਣ ਕਰੇ: ਸਤੀ ਕੁਮਾਰ** — ਡਾ. ਲਖਵਿੰਦਰ ਸਿੰਘ ਜੌਹਲ

## ਯੂਰਪੀਅਨ ਸਾਹਿਤ ਸਭਾਵਾਂ ਦੀ ਜਾਣਕਾਰੀ — 14-19

**ਸਾਹਿਤ ਸੁਰ ਸੰਗਮ ਸਭਾ ਇਟਲੀ ਦਾ ਸਫ਼ਰ ਸ਼ਬਦਾਂ ਦੀ ਜ਼ੁਬਾਨੀ** — ਬਲਵਿੰਦਰ ਚਾਹਲ

**ਪੰਜਾਬੀ ਅਦਬੀ ਸੰਸਥਾ ਪੰਜਨਦ ਜਰਮਨੀ** — ਅਮਜ਼ਦ ਆਰਫ਼ੀ

## ਲੇਖ — 20-29

**ਯੂਰਪੀ ਪੰਜਾਬੀ ਸਾਹਿਤ: ਸੰਭਾਵਨਾ, ਸਮੱਸਿਆਵਾਂ ਤੇ ਪ੍ਰਾਪਤੀਆਂ** — ਦਲਜਿੰਦਰ ਰਹਿਲ

**ਜਰਮਨੀ ’ਚ ਪੰਜਾਬੀ ਦਾ ਸਾਹਿੱਤਕ ਦਾਇਰਾ** — ਕੇਹਰ ਸ਼ਰੀਫ਼

## ਯੂਰਪੀਅਨ ਪਰਵਾਸੀ ਪੰਜਾਬੀ ਲੇਖਕ — 30-54

## ਸੱਜਣ ਮੇਰੇ ਰੰਗੁਲੇ — 56-67


**ਡਾ. ਸਾਧੂ ਸਿੰਘ ਧਾਮੀ ਦੀ ਸਾਹਿਤਕ ਦੇਣ** — ਪ੍ਰੋ. ਸਾਧੂ ਬਿਨਿੰਗ

## ਸ਼ਾਇਰੀ ਦੀ ਗੁਫ਼ਤਗੂ — 68

## ਸਰਗਰਮੀਆਂ — 69-98

## ਸੰਪਾਦਕੀ

# ਯੂਰਪੀ ਅੰਕ ਭਾਗ ਪਹਿਲਾ: ਨਵੇਂ ਦਿਸਹੱਦੇ



ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦਾ 18ਵਾਂ ਯੂਰਪੀਨ ਪੰਜਾਬੀ ਲੇਖਕ ਅੰਕ ਭਾਗ-1 ਪਾਠਕਾਂ ਦੇ ਰੂ-ਬ-ਰੂ ਕਰਦਿਆਂ ਅਤਿਅੰਤ ਖੁਸ਼ੀ ਮਹਿਸੂਸ ਕਰ ਰਹੇ ਹਾਂ। ਇਸ ਅੰਕ ਵਿੱਚ 11 ਮੁਲਕਾਂ ਦੇ 46 ਲੇਖਕਾਂ ਦਾ ਸੰਖੇਪ ਜੀਵਨ ਬਿਉਰਾ, ਪ੍ਰਕਾਸ਼ਨਾਵਾਂ ਤੇ ਸੰਪਰਕ ਨੰਬਰ ਪ੍ਰਕਾਸ਼ਿਤ ਕੀਤੇ ਗਏ ਹਨ। ਬਰਤਾਨੀਆ ਨੂੰ ਛੱਡ ਕੇ ਪੂਰੇ ਯੂਰੋਪ ਵਿੱਚ ਇਸ ਸਮੇਂ ਇਟਲੀ ਵਿਚ ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਜਰਮਨੀ ਵਿਚ ਪੰਜਾਬੀ ਅਦਬੀ ਸੰਸਥਾ ਪੰਜਨਦ ਸਾਹਿਤਕ ਗਤੀਵਿਧੀਆਂ ਨਿਰੰਤਰਤਾ ਨਾਲ ਕਰ ਰਹੀਆਂ ਹਨ। ਯੂਰਪ ਦੇ ਇਨ੍ਹਾਂ ਮੁਲਕਾਂ ਵਿੱਚ ਸਾਹਿਤ ਸਭਾਵਾਂ ਦੀ ਅਣਹੋਂਦ ਦਾ ਕਾਰਨ ਇਕ ਤਾਂ ਇਨ੍ਹਾਂ ਮੁਲਕਾਂ ਵਿੱਚ ਪੰਜਾਬੀਆਂ ਦੀ ਵੱਸੋਂ ਅਮਰੀਕਾ, ਕੈਨੇਡਾ, ਬਰਤਾਨੀਆ ਤੇ ਆਸਟ੍ਰੇਲੀਆ ਦੇ ਮੁਕਾਬਲੇ ਘੱਟ ਹੈ, ਦੂਜਾ ਸਥਾਨਕ ਦੂਰੀ ਵੀ ਇੱਕ ਵੱਡਾ ਕਾਰਨ ਹੈ। ਯੂਰਪ ਵਿੱਚ ਵੱਸਦੇ ਇਨ੍ਹਾਂ ਸਾਹਿਤਕਾਰਾਂ ਦੀ ਨਿਸ਼ਾਨਦੇਹੀ ਕਰਨੀ, ਉਨ੍ਹਾਂ ਨਾਲ ਰਾਬਤਾ ਕਾਇਮ ਕਰਨਾ, ਆਪਣੇ ਆਪ ਵਿੱਚ ਮੁਸ਼ਕਿਲ ਕਾਰਜ ਸੀ ਪਰ ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਬਾਕੀ ਲੇਖਕਾਂ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਨ੍ਹਾਂ ਨੇ ਸਮੇਂ ਸਿਰ ਇਸ ਅੰਕ ਲਈ ਆਪਣਾ ਸਹਿਯੋਗ ਦਿੱਤਾ। ਹੁਣ ਤੱਕ ਪਰਵਾਸੀ ਲੇਖਕਾਂ ਬਾਰੇ ਅਜਿਹੀ ਜਾਣਕਾਰੀ ਕਿਸੇ ਹੋਰ ਸੰਸਥਾ ਵਲੋਂ ਨਹੀਂ ਦਿੱਤੀ ਗਈ। ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਕੀਤੀ ਇਹ ਪਹਿਲ ਕਦਮੀ ਸ਼ਲਾਘਾਯੋਗ ਹੈ। ਇਸ ਅੰਕ ਤੋਂ ਪਹਿਲਾਂ ਆਸਟ੍ਰੇਲੀਆ ਵਿਸ਼ੇਸ਼ ਅੰਕ ਸੀ ਤੇ ਅਗਲਾ ਬਰਤਾਨੀਆ ਵਿਸ਼ੇਸ਼ ਅੰਕ ਹੋਵੇਗਾ ਇਸ ਸਭ ਦਾ ਮੁੱਖ ਉਦੇਸ਼ ਵਿਸ਼ਵ ਭਰ ਦੇ ਸਾਹਿਤਕਾਰਾਂ ਬਾਰੇ ਇਕ ਡਾਇਰੈਕਟਰੀ ਤਿਆਰ ਕਰਨਾ ਹੈ ਤਾਂ ਜੋ ਉਨ੍ਹਾਂ ਬਾਰੇ ਆਸਾਨੀ ਨਾਲ ਜਾਣਕਾਰੀ ਪਾਠਕਾਂ ਨੂੰ ਮਿਲ ਸਕੇ। ਮੈਂ ਇਸ ਉੱਦਮ ਲਈ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ, ਡਾ. ਤੇਜਿੰਦਰ ਕੌਰ ਤੇ ਪ੍ਰੋ. ਸ਼ਰਨਜੀਤ ਕੌਰ ਦੀ ਸ਼ਲਾਘਾ ਤੇ ਧੰਨਵਾਦ ਕਰਦਾ ਹਾਂ ਜਿਨ੍ਹਾਂ ਬੜੀ ਮਿਹਨਤ ਨਾਲ ਵੱਖ ਵੱਖ ਸਰੋਤਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਵਿਉਂਤਬੱਧ ਕੀਤਾ ਹੈ।

**ਸ. ਪ. ਸਿੰਘ (ਡਾ.)**
**ਮੁੱਖ ਸੰਪਾਦਕ**

## ਪਰਵਾਸੀ ਸਾਹਿਤ ਅਧਿਐਨ ਕੇਂਦਰ

# ਸਪਸ਼ਟੀਕਰਨ

ਤ੍ਰੈ-ਮਾਸਿਕ ਪਰਚਾ ਪਰਵਾਸ, ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦਾ ਹਿੱਸਾ ਹੈ।

ਅਕਾਦਮਿਕ ਦ੍ਰਿਸ਼ਟੀਕੋਣ ਤੋਂ ਕਾਲਜ ਅੰਦਰ 2011 ਤੋਂ ਪਰਵਾਸੀ ਸਾਹਿਤ ਅਧਿਐਨ ਕੇਂਦਰ ਸਥਾਪਤ ਕੀਤਾ ਗਿਆ ਹੈ ਜਿਸ ਦਾ ਮਨੋਰਥ ਪਰਵਾਸੀ ਪੰਜਾਬੀ ਸਾਹਿਤ ਦਾ ਮੁੱਲਾਂਕਣ, ਪ੍ਰਸਾਰ ਤੇ ਪ੍ਰਚਾਰ ਕਰਨਾ ਹੈ। **ਇਸ ਵੱਲੋਂ ਗੁਣਵੱਤਾ ਦੇ ਆਧਾਰ ’ਤੇ ਹੀ ਰਚਨਾਵਾਂ ਸੰਬੰਧੀ ਚਰਚਾ ਤੇ ਪਰਖ਼ ਪੜਚੋਲ ਕੀਤੀ ਕਰਵਾਈ ਜਾਂਦੀ ਹੈ। ਪਰ ਇਹ ਗੱਲ ਸਾਫ਼ ਹੈ ਕਿ ਇਹ ਕਾਰਜ ਬਿਨਾਂ ਕਿਸੇ ਵਿੱਤੀ ਲੋਭ ਲਾਲਚ ਦੇ ਨਿਭਾਇਆ ਜਾਂਦਾ ਹੈ। ਪੁਸਤਕ ਚਰਚਾ, ਵੈਬੀਨਾਰ, ਕਵੀ ਦਰਬਾਰ, ਪੁਸਤਕ ਰੀਵਿਊ ਅਤੇ ਦੇਸ਼ ਵਿਦੇਸ਼ ਵਿੱਚ ਛਪਦੀਆਂ ਮਹੱਤਵਪੂਰਨ ਲਿਖਤਾਂ ਸੰਬੰਧੀ ਜਾਣਕਾਰੀ ਦੇਣਾ ਸਾਡਾ ਸਪਸ਼ਟ ਉਦੇਸ਼ ਹੈ।**

**‘ਪਰਵਾਸ’ ਪੱਤ੍ਰਿਕਾ ਦੇ ਪ੍ਰਕਾਸ਼ਨ ਲਈ ਕਿਸੇ ਵੀ ਸਾਹਿਤ ਪ੍ਰੇਮੀ ਵੱਲੋਂ ਅਦਾਰੇ ਦੀਆਂ ਗਤੀਵਿਧੀਆਂ ਨੂੰ ਵਧੇਰੇ ਗਤੀਸ਼ੀਲ ਬਨਾਉਣ ਲਈ ਚੈੱਕ ਰਾਹੀਂ ਆਰਥਕ ਸਹਾਇਤਾ ਪ੍ਰਵਾਨ ਕੀਤੀ ਜਾ ਸਕਦੀ ਹੈ। ਪੁਸਤਕ ਪ੍ਰਕਾਸ਼ਨ ਲਈ ਅਸੀਂ ਕੇਵਲ ਅਗਵਾਈ ਹੀ ਦੇ ਸਕਦੇ ਹਾਂ ਤਾਂ ਕਿ ਕੁਝ ਲਾਲਚੀ ਪ੍ਰਕਾਸ਼ਕਾਂ ਵੱਲੋਂ ਹੋਣ ਵਾਲੇ ਸ਼ੋਸ਼ਣ ਤੋਂ ਪਰਵਾਸੀ ਲੇਖਕਾਂ ਨੂੰ ਬਚਾਇਆ ਜਾ ਸਕੇ।**

ਇਸ ਕੇਂਦਰ ਸਬੰਧੀ ਕਿਸੇ ਕਿਸਮ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਪ੍ਰਭਾਵਤ ਹੋਣ ਦੀ ਥਾਂ ਇਨ੍ਹਾਂ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਡਾ. ਤੇਜਿੰਦਰ ਕੌਰ**
8729080250

**ਪ੍ਰੋ. ਸ਼ਰਨਜੀਤ ਕੌਰ**
9501027522

**ਈਮੇਲ: parvasggn@gmail.com**

**ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪ੍ਰਾਪਤ ਹੋਏ ਆਰਥਿਕ ਸਹਿਯੋਗ**

## ਧੰਨਵਾਦ

**ਪੰਜਾਬ ਭਵਨ, ਸਰੀ (ਕੈਨੇਡਾ), ਸਾਹਿਤ ਸੁਰ ਸੰਗਮ ਸਭਾ (ਇਟਲੀ), ਨਕਸ਼ਦੀਪ ਪੰਜਕੋਹਾ (ਅਮਰੀਕਾ), ਸੁਰਿੰਦਰ ਸਿੰਘ ਸੁੰਨੜ (ਅਮਰੀਕਾ), ਐਸ਼ਕਮ ਐਸ਼ਵਿਕ (ਅਮਰੀਕਾ), ਚਰਨ ਸਿੰਘ (ਕੈਨੇਡਾ), ਪ੍ਰੋ. ਸਰਬਜੀਤ ਸਿੰਘ ਸਰੀ (ਕੈਨੇਡਾ)**

# ਸਤੀ ਕੁਮਾਰ ਦੀ ਵਿਲੱਖਣਤਾ

ਡਾ. ਲਖਵਿੰਦਰ ਸਿੰਘ ਜੌਹਲ



ਸਤੀ ਕੁਮਾਰ, ਜਿਸਦਾ ਅਸਲੀ ਨਾਮ ਸਤੀਸ਼ ਕੁਮਾਰ ਕਪਿਲ ਸੀ, ਅਗਸਤ 1938 ਵਿਚ ਮਾਲਵੇ ਦੇ ਕਸਬੇ ਰਾਮਪੁਰਾ ਫੂਲ ਵਿਚ ਪੈਦਾ ਹੋਇਆ ਸੀ। ਸੱਤਰ ਸਾਲ ਦੀ ਉਮਰ ਵਿਚ 25 ਜਨਵਰੀ 2008 ਨੂੰ ਸਟਾਕਹੋਮ (ਸਵੀਡਨ) ਵਿਚ ਉਸਨੇ ਆਖਰੀ ਸਾਹ ਲਏ। ਉਸਦੀਆਂ ਪਹਿਲੀਆਂ ਦੋ ਕਿਤਾਬਾਂ 'ਪੰਚਮ' (1964) ਅਤੇ 'ਘੋੜਿਆਂ ਦੀ ਉਡੀਕ' (1971), ਪੰਜਾਬੀ ਕਵਿਤਾ ਵਿਚ ਆਧੁਨਿਕਤਾਵਾਦ ਦੇ ਆਗਾਜ਼ ਦੀ ਗਵਾਹੀ ਸਮਝੀਆਂ ਜਾਂਦੀਆਂ ਹਨ। ਇਸ ਲੇਖ ਵਿਚ ਡਾ. ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਸਤੀ ਕੁਮਾਰ ਦੇ ਜੀਵਨ, ਸਖ਼ਸ਼ੀਅਤ ਅਤੇ ਉਹਨਾਂ ਦੀਆਂ ਰਚਨਾਵਾਂ ਨਾਲ ਪਾਠਕਾਂ ਦੀ ਜਾਣ-ਪਛਾਣ ਕਰਵਾਉਣ ਦਾ ਉਪਰਾਲਾ ਕੀਤਾ ਹੈ



ਪੰਜਾਬੀ ਕਵਿਤਾ ਦਾ ਵਿਲੱਖਣ ਹਸਤਾਖ਼ਰ ਸਤੀ ਕੁਮਾਰ ਮੇਰੇ ਪਰਮ ਮਿੱਤਰ ਅਤੇ ਸਹਿਕਰਮੀ ਪੰਜਾਬੀ ਕਵੀ ਸਵਰਗੀ ਸਵਿਤੋਜ ਯਾਨੀ ਦੁਰਗਾ ਦੱਤ ਕਪਿਲ ਦਾ ਚਾਚਾ ਸੀ। ਸਤੀ ਕੁਮਾਰ ਦੇ ਸੁਭਾਅ, ਸਤੀ ਕੁਮਾਰ ਦੀਆਂ ਦੋਸਤੀਆਂ ਅਤੇ ਸਤੀ ਕੁਮਾਰ ਦੀ ਕਵਿਤਾ ਬਾਰੇ ਚੁੰਝ-ਚਰਚਾ ਅਕਸਰ ਹੁੰਦੀ ਰਹਿੰਦੀ ਸੀ। ਨੱਬੇਵਿਆਂ ਦੇ ਆਰੰਭ ਵਿਚ ਸਵਿਤੋਜ ਦੇ ਚਲੇ ਜਾਣ ਤੋਂ ਬਾਅਦ ਇਹ ਚਰਚਾ ਬੰਦ ਹੋ ਗਈ ਕਦੇ ਕਦਾਈਂ ਸਤੀ ਦੀ ਕੋਈ ਕਵਿਤਾ ਜਾਂ ਕੋਈ ਮੁਲਾਕਾਤ ਛਪਦੀ ਤਾਂ ਮੈਂ ਬਹੁਤ ਗਹੁ ਨਾਲ ਪੜ੍ਹਦਾ, ਅਪਣਤ ਭਰੇ ਗਹੁ ਨਾਲ। ਪੰਜਾਬੀ ਸਾਹਿਤਕਾਰਾਂ ਦੀ ਨਵੀਂ ਪੀੜ੍ਹੀ ਸਤੀ ਕੁਮਾਰ ਦੇ ਨਾਮ ਤੋਂ ਬਹੁਤ ਘੱਟ ਵਾਕਿਫ਼ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਹ ਨਾਮ ਓਨਾ ਹੀ ਅਣਗੌਲਿਆ ਹੈ, ਜਿੰਨੀ ਅਣਗੌਲੀ ਹੈ ਪੰਜਾਬੀ ਕਵਿਤਾ ਦੀ ਪ੍ਰਯੋਗਵਾਦੀ ਲਹਿਰ। ਲਹਿਰਾਂ ਦੇ ਨਾਵਾਂ ਨਾਲ ਮਸ਼ਹੂਰ ਹੋਣ ਵਾਲੀ ਅਤੇ ਪਰਵਾਨ ਚੜ੍ਹਨ ਵਾਲੀ ਕਵਿਤਾ ਨਾਲ ਅਜਿਹਾ ਹੋ ਜਾਣਾ ਉਦੋਂ ਬਹੁਤ ਸੁਭਾਵਕ ਹੁੰਦਾ ਹੈ ਜਦੋਂ ਕਿਸੇ ਸਾਹਿਤ ਦੀ ਸਮੀਖਿਆਕਾਰੀ ਨੂੰ ਸੁਵਿਧਾ ਅਨੁਸਾਰ ਲਿਖਣ ਦੀ ਆਦਤ ਪੈ ਜਾਵੇ।

## ਮਿੱਟੀ ਮਾਣ ਕਰੇ- ਸਤੀ ਕੁਮਾਰ


ਪੰਜਾਬੀ ਸਮੀਖਿਆਕਾਰੀ ਦਾ ਇਹ ਦੁਖਾਂਤ ਹੀ ਸਮਝਿਆ ਜਾਵੇ ਕਿ ਸਤੀ ਕੁਮਾਰ ਦੀ ਕਵਿਤਾ ਨੂੰ ਪ੍ਰਯੋਗਵਾਦ ਤੋਂ ਬਾਹਰ ਵੇਖਣ ਦਾ ਯਤਨ ਹੀ ਨਹੀਂ ਕੀਤਾ ਗਿਆ। ਸਤੀ ਕੁਮਾਰ ਦਾ ਆਪਣਾ ਕਥਨ ਸੀ- ''ਮੈਂ ਦੇਖਣ ਨੂੰ ਬੁਰਜ਼ੂਆ ਲੱਗਦਾ ਹਾਂ, ਅੰਦਰੋਂ ਸੁਰਖ ਹਾਂ'' ਉਸ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਹ ਆਧੁਨਿਕ ਦੌਰ ਦਾ ਪਹਿਲਾ ਪੰਜਾਬੀ ਕਵੀ ਸੀ, ਜਿਸਨੇ ਪ੍ਰਗਤੀਵਾਦੀ ਲੇਖਕਾਂ ਨਾਲੋਂ ਟੁੱਟਣ ਦੀ ਐਲਾਨੀਆ ਦਲੇਰੀ ਦਿਖਾਈ ਸੀ। ਅਜਿਹੀ ਦਲੇਰੀ ਨਾ ਮੋਹਨ ਸਿੰਘ ਵਿਚ ਸੀ, ਨਾ ਅੰਮ੍ਰਿਤਾ ਪ੍ਰੀਤਮ ਜਾਂ ਕਿਸੇ ਹੋਰ ਸਮਕਾਲੀ ਲੇਖਕ ਵਿਚ ਸੀ।

ਸਤੀ ਕੁਮਾਰ, ਜਿਸਦਾ ਅਸਲੀ ਨਾਮ ਸਤੀਸ਼ ਕੁਮਾਰ ਕਪਿਲ ਸੀ, ਅਗਸਤ 1938 ਵਿਚ ਮਾਲਵੇ ਦੇ ਕਸਬੇ ਰਾਮਪੁਰਾ ਫੂਲ ਵਿਚ ਪੈਦਾ ਹੋਇਆ। ਸੱਤਰ ਸਾਲ ਦੀ ਉਮਰ ਵਿਚ 25 ਜਨਵਰੀ 2008 ਨੂੰ ਸਟਾਕਹੋਮ (ਸਵੀਡਨ) ਵਿਚ ਉਸਨੇ ਆਖ਼ਰੀ ਸਾਹ ਲਏ। ਬੀ. ਏ. ਦੀ ਪੜ੍ਹਾਈ ਕਰਨ ਉਪਰੰਤ, ਉਹ ਦਿੱਲੀ ਯੂਨੀਵਰਸਿਟੀ ਚਲਾ ਗਿਆ। ਇਥੇ ਰਹਿੰਦਿਆਂ ਹੀ ਉਹ ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ ਸਿੰਘ, ਹਰਨਾਮ, ਤਾਰਾ ਸਿੰਘ, ਬਾਵਾ ਬਲਵੰਤ ਅਤੇ ਦੇਵਿੰਦਰ ਸਤਿਆਰਥੀ ਵਰਗੇ ਸਾਹਿਤਕਾਰਾਂ ਦੇ ਸੰਪਰਕ ਵਿਚ ਆਇਆ। ਉਸਦੀਆਂ ਪਹਿਲੀਆਂ ਦੋ ਕਿਤਾਬਾਂ 'ਪੰਚਮ' (1964) ਅਤੇ 'ਘੋੜਿਆਂ ਦੀ ਉਡੀਕ' (1971) ਪੰਜਾਬੀ ਕਵਿਤਾ ਵਿਚ ਆਧੁਨਿਕਤਾਵਾਦ ਦੇ ਆਗਾਜ਼ ਦੀ ਗਵਾਹੀ ਸਮਝੀਆਂ ਜਾਂਦੀਆਂ ਹਨ।

ਫੇਰ ਉਸਦੀਆਂ 'ਰਹਾਉ' (1977), 'ਤਾਂਬੇ ਦਾ ਰੁੱਖ' (1979), ਮਾਇਆਜਾਲ' (ਗੱਲਾਂ ਅਤੇ ਕਵਿਤਾ-2005) ਅਤੇ 'ਮੇਰੇ ਖੱਬੇ ਵਗਦੀ ਹਵਾ' (2009) ਛਪੀਆਂ। ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਦੇ ਨਾਲ ਨਾਲ ਉਸਦੀ ਕਈ ਯੋਰਪੀਨ ਭਾਸ਼ਾਵਾਂ ਉੱਤੇ ਵੀ ਪਕੜ ਸੀ। ਆਪਣੀ ਬੁਲਗਾਰੀਅਨ ਪਤਨੀ ਇਵਾਂਕਾ ਨਾਲ ਮਿਲ ਕੇ ਉਸ ਵਲੋਂ ਕੀਤਾ ਗਿਆ 'ਰਮਾਇਣ' ਅਤੇ 'ਮਹਾਭਾਰਤ' ਦਾ ਬੁਲਗਾਰੀਅਨ ਅਨੁਵਾਦ ਜ਼ਿਕਰਯੋਗ ਹੈ। ਇਸ ਅਨੁਵਾਦ ਤੋਂ ਮਿਲੇ ਚੋਖੇ ਪੈਸਿਆਂ ਨਾਲ ਉਸਨੇ ਪਹਿਲੀ ਵਾਰ ਚਿੱਟੀ ਕਾਰ ਫੋਰਡ ਮੁਸਟਾਂਗ ਖ਼ਰੀਦੀ ਸੀ। ਜਿਸਨੂੰ ਉਹ ਆਪਣੇ ਸੁਪਨੇ ਦਾ ਸਾਕਾਰ ਹੋਣਾ ਮੰਨਦਾ ਸੀ। ਉੱਘੇ ਹਿੰਦੀ ਲੇਖਕ ਧਰਮਵੀਰ ਭਾਰਤੀ ਦੇ ਦਿਓਕੱਦ ਹਿੰਦੀ ਪਰਚੇ ਧਰਮਯੁੱਗ ਵਿਚ ਉਸ ਵਲੋਂ ਬੁਲਗਾਰੀਆਂ ਤੋਂ ਲਿਖਿਆ ਜਾਣ ਵਾਲਾ ਕਾਲਮ ''ਯੋਰਪਨਾਮਾ'' ਬੇਹੱਦ ਮਕਬੂਲ ਕਾਲਮ ਸੀ ਜਿਸਨੇ ਉਸਨੂੰ ਹਿੰਦੀ ਸਾਹਿਤਕਾਰਾਂ ਦੀ ਸੂਚੀ ਵਿਚ ਵੀ ਸ਼ਾਮਿਲ ਕਰ ਦਿੱਤਾ ਸੀ। ਪਰ ਆਪਣੀ ਇਸ ਪਛਾਣ ਬਾਰੇ ਉਹ ਕਿਹਾ ਕਰਦਾ ਸੀ- ''ਹਿੰਦੀ ਵਿਚ ਲਿਖਣ ਨਾਲ ਮੈਂ ਹਿੰਦੀ ਵਾਲਾ ਨਹੀਂ ਹੋ ਜਾਂਦਾ - ਮੈਂ ਹੋਰਨਾਂ ਜ਼ੁਬਾਨਾਂ ਵਿਚ ਭਾਵੇਂ ਕਿੰਨਾ ਵੀ ਲਿਖਾਂ ਜਾਂ ਛਪਾ ਆਪਣੀ ਬੋਲੀ ਤੋਂ ਬਾਹਰ ਮੇਰੀ ਕੋਈ ਸੱਤਾ ਨਹੀਂ ਹੈ। ਮੈਂ ਪੰਜਾਬ ਦਾ ਜੰਮਪਲ ਹਾਂ

ਅਤੇ ਹੋਰ ਪੰਜਾਬੀ ਲੇਖਕਾਂ ਵਾਂਗ ਮੇਰਾ ਵਿਰਸਾ ਵੀ ਪੰਜਾਬੀ ਬੋਲੀ ਹੈ- ਸੁਪਨੇ ਵਿਚ ਵੀ ਮੈਂ ਇਹੀ ਬੋਲੀ ਬੋਲਦਾ ਹਾਂ''। ਪੰਜਾਬੀ ਭਾਸ਼ਾ ਅਤੇ ਪੰਜਾਬੀ ਕਵਿਤਾ ਬਾਰੇ ਗੱਲ ਕਰਦਿਆਂ ਉਸਨੇ ਇਕ ਮੁਲਾਕਾਤ ਵਿਚ ਕਿਹਾ ਸੀ ''ਕਵਿਤਾ ਉਸੇ ਬੋਲੀ ਵਿਚ ਲਿਖੀ ਜਾ ਸਕਦੀ ਹੈ, ਜਿਸ ਬੋਲੀ ਵਿਚ ਮੂੰਹੋਂ ਪਹਿਲਾ ਬੋਲ ਉਚਾਰਿਆ ਹੋਵੇ।''

ਸਤੀ ਕੁਮਾਰ ਨੂੰ ਇਹ ਆਖਦਿਆਂ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ ਸੀ ਕਿ ਉਹ ਫਰਾਂਸੀਸੀ ਕਵੀ ਰਿੰਬੋ (Rimbaud) ਅਤੇ ਅਮਰੀਕੀ ਕਵੀ ਗਿਨਜ਼ਬਰਗ (Ginsberg) ਵਾਂਗੂ ਲਿਖਦਾ ਹੈ ਅਤੇ ਉਨ੍ਹਾਂ ਦੀਆਂ ਕਵਿਤਾ ਸੰਬੰਧੀ ਆਧੁਨਿਕ ਧਾਰਨਾਵਾਂ ਦਾ ਧਾਰਨੀ ਹੈ। ਇਹ ਦੋਵੇਂ ਕਵੀ ਵਿਸ਼ਵ ਕਵਿਤਾ ਵਿਚ ਸ਼ੁੱਧ ਕਵਿਤਾ (Pure Poetry) ਦੇ ਲੇਖਕਾਂ ਵਜੋਂ ਜਾਣੇ ਜਾਂਦੇ ਹਨ। ਸਤੀ ਕੁਮਾਰ ਦੀਆਂ ਇਹ ਧਾਰਨਾਵਾਂ ਉਸਨੂੰ ਕਵਿਤਾ ਦੇ ਨੇੜੇ ਅਤੇ ਪ੍ਰਗਤੀਵਾਦੀਆਂ ਤੋਂ ਦੂਰ ਲੈ ਜਾਂਦੀਆਂ ਸਨ।


ਸਤੀ ਤੇ ਇਵਾਂਕਾ 1970

ਪਰ ਦੂਸਰੇ ਪਾਸੇ ਉਸਨੂੰ ਅੰਮ੍ਰਿਤਾ ਪ੍ਰੀਤਮ ਦੇ ਯਤਨਾਂ ਸਦਕਾ ਸੋਫ਼ੀਆ ਯੂਨੀਵਰਸਿਟੀ ਵਿਚ ਖੋਜ ਕਾਰਜਾਂ ਲਈ ਫ਼ੈਲੋਸ਼ਿਪ ਵੀ ਮਿਲੀ ਸੀ। ਇਥੇ ਹੀ ਉਸਦਾ ਵਿਆਹ ਇਵਾਂਕਾ ਨਾਲ ਹੋਇਆ ਸੀ ਤੇ ਫੇਰ ਛੇ ਸਾਲ ਬੁਲਗਾਰੀਆ ਰਹਿਣ ਉਪਰੰਤ ਉਹ ਸਵੀਡਨ ਚਲਾ ਗਿਆ। ਉਸਨੇ ਸਵੀਡਨ ਦੀ ਕਵਿਤਾ ਦੇ ਹਿੰਦੀ ਅਨੁਵਾਦ ਦੀਆਂ ਨੌਂ ਕਿਤਾਬਾਂ ਛਪਵਾਈਆਂ ਸਨ। ਦੇਸ਼ ਬਦੇਸ਼ ਘੁੰਮਦਿਆਂ ਹੋਇਆਂ ਵੀ ਆਪਣੀ ਭਾਸ਼ਾ, ਆਪਣੇ ਸੱਭਿਆਚਾਰ ਅਤੇ ਆਪਣੇ ਲੋਕਾਂ ਨਾਲ ਜੁੜੇ ਰਹਿਣਾ ਸਤੀ ਕੁਮਾਰ ਦਾ ਸਹਿਜ ਸੁਭਾਅ ਸੀ। 1995 ਵਿਚ ਉਸਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼ਰੋਮਣੀ ਸਾਹਿਤਕਾਰ ਪੁਰਸਕਾਰ ਵੀ ਦਿੱਤਾ ਗਿਆ ਸੀ।

ਉਸਦੀ ਬੇਟੀ ਆਦਿਤੀ ਅਤੇ ਇੰਜੀਨੀਅਰ ਬੇਟਾ ਮੀਸ਼ੋ ਸਵੀਡਨ ਵਿਚ ਹੀ ਰਹਿੰਦੇ ਹਨ। ਉਸਦੀ ਪਤਨੀ ਇਵਾਂਕਾ ਕੈਂਸਰ ਤੋਂ ਹਾਰ ਗਈ ਸੀ ਜਿਸਦੀ ਮੌਤ ਉਤੇ ਸਤੀ ਕੁਮਾਰ ਨੇ ਲਿਖਿਆ ਸੀ ਮੇਰੇ ਸਾਰੇ ਪਿਆਰੇ ਅਤੇ ਸੰਬੰਧੀਆਂ ਨੂੰ ਕੈਂਸਰ ਹੀ

ਕਿਉਂ ਦਬੋਚਦਾ ਹੈ ਜਦੋਂ ਇਵਾਂਕਾ ਨੂੰ ਕੈਂਸਰ ਹੋਣ ਦੀ ਖ਼ਬਰ ਡਾਕਟਰ ਨੇ ਉਸਨੂੰ ਸੁਣਾਈ ਸੀ ਤਾਂ ਉਹ ਸੁੰਨ ਹੋ ਕੇ ਧਰਤੀ ਤੇ ਬੈਠ ਗਿਆ ਸੀ। ਉਸਨੇ ਦੱਸਿਆ ''ਦੋ ਸਾਲ ਪਹਿਲਾਂ ਹੀ ਕੈਂਸਰ ਨਾਲ ਯੁੱਧ ਕਰਕੇ ਉਹ ਆਪ ਬਚ ਗਿਆ ਸੀ ਪਰ ਇਵਾਂਕਾ ਨੂੰ ਨਹੀਂ ਬਚਾ ਸਕਿਆ। ਮੇਰਾ ਮਹਿਬੂਬ ਕਵੀ ਰਿੰਬੋ ਵੀ ਕੈਂਸਰ ਨਾਲ ਮਰਿਆ ਸੀ। ਨਿਪੋਲੀਅਨ, ਫਰਾਇਡ ਅਤੇ ਚੈਖ਼ਲ ਵੀ ਕੈਂਸਰ ਦੇ ਮਰੀਜ਼ ਹੀ ਸਨ।''

ਸਤੀ ਕੁਮਾਰ ਦੀਆਂ ਕਵਿਤਾਵਾਂ ਗਹਿਰੇ ਮਾਨਵੀ ਅਹਿਸਾਸ ਦੀਆਂ ਗਹਿਰਾਈਆਂ ਵਾਲੀਆਂ ਹਨ। ਉਸਦਾ ਵਿਚਾਰ ਹੈ ਕਿ ਕਵਿਤਾ ਅਰਥ ਉਜਾਗਰ ਹੀ ਨਹੀਂ ਕਰਦੀ ਉਸਨੂੰ ਓਟ ਵੀ ਦਿੰਦੀ ਹੈ। ਕਵਿਤਾ ਲਿਖਣਾ ਅਤੇ ਪੜ੍ਹਨਾ ਜੰਗਲ ਵਿਚ ਨੱਚਦੇ ਮੋਰ ਵਾਂਗ ਹੈ। ਜਿਸਨੂੰ ਵੇਖਣ ਵਾਲਾ ਕੋਈ ਹੋਰ ਨਹੀਂ ਹੁੰਦਾ ਸਗੋਂ ਉਹ ਆਪ ਹੀ ਹੁੰਦਾ ਹੈ। ਆਪਣੇ ਆਪ ਨਾਲ ਘੁਲ-ਮਿਲ ਜਾਣਾ ਹੀ ਕਵਿਤਾ ਹੈ। ਸਤੀ ਕਹਿੰਦਾ ਹੈ ''ਕਵਿਤਾ ਲਿਖਣਾ ਬਿਨ੍ਹਾਂ ਲਾਇਸੰਸ ਦੀ ਰਾਈਫਲ ਚਲਾਉਣ ਵਾਂਗ ਹੈ ਪਰ ਇਸਦੀ ਦਾਗ਼ੀ ਗੋਲੀ ਮਾਰਨ ਦੀ ਥਾਂ ਜਿਊਂਦੇ ਕਰਦੀ ਹੈ।'' 'ਹੁਣ' ਮੈਗਜ਼ੀਨ ਵਲੋਂ ਸਵਰਗੀ ਅਵਤਾਰ ਜੰਡਿਆਲੀ ਵਲੋਂ ਉਸ ਨਾਲ ਕੀਤੀ ਗਈ ਇਕ ਲੰਮੀ ਮੁਲਾਕਾਤ ਵਿਚ ਜਦੋਂ ਉਸਨੂੰ ਉਸਦੀ ਵਿਲੱਖਣਤਾ ਬਾਰੇ ਪੁੱਛਿਆ ਗਿਆ ਤਾਂ ਸਤੀ ਕੁਮਾਰ ਦਾ ਜਵਾਬ ਸੀ।

''ਮੈਂ ਅਫ਼ਵਾਹਾਂ ਦਾ ਬਣਿਆ ਹੋਇਆ ਹਾਂ। ਸਾਹਿਤ-ਸਭੀਆ ਜੁ ਨਹੀਂ ਹਾਂ। ਨਾ ਹੀ ਕਵੀ ਦਰਬਾਰੀਆ ਹਾਂ, ਪੰਜਾਬੀ ਦੇ ਬਹੁਤੇ ਲੇਖਕਾਂ ਨੇ ਤਾਂ ਮੈਨੂੰ ਵੇਖਿਆ ਹੀ ਨਹੀਂ ਹੋਣਾ, ਮੇਰੀ ਹੋਂਦ ਭੂਤਾਂ ਵਰਗੀ ਹੈ। ਮੈਂ ਹਾਂ ਵੀ ਤੇ ਨਹੀਂ ਵੀ। ਲੋਕਾਂ ਕੋਲ ਮੇਰਾ ਮਨਘੜਤ ਬਿੰਬ ਹੈ।'' ਇਹ ਮੁਲਾਕਾਤ ਉਸਦੇ ਮਰਨ ਉਪਰੰਤ ਛਪੀ ਸੀ।

ਉਸਦੀ ਕਵਿਤਾ ਵਲ ਪਰਤੀਏ ਤਾਂ ਸ਼ਬਦਾਂ-ਸੰਕਲਪਾਂ ਦੇ ਬਿੰਬ ਅੱਖਾਂ ਥਾਣੀਂ ਮਨਾਂ ਵਿਚ ਉਤਰਦੇ ਹਨ-

ਸੱਪਾਂ ਨੂੰ
ਦੁੱਧ ਪਿਆਉਂਦੀਆਂ ਕੁੜੀਆਂ ਨੂੰ ਵੇਖੋ
ਕਿਸ ਤਰ੍ਹਾਂ,
ਮੇਲ੍ਹਦੀਆਂ ਹਨ

ਬਿਜਲੀ ਦੀ ਚਮਕ ਵਾਂਗ
ਫੇਰਦੀਆਂ ਨੇ
ਬੁੱਲਾਂ ਤੇ ਰੱਤੀ ਜੀਭ
ਅਗਿਆਤ ਦੇ
ਖੜਕੇ ਤੋਂ ਤ੍ਰਭਕ ਕੇ

## ਮਿੱਟੀ ਮਾਣ ਕਰੇ- ਸਤੀ ਕੁਮਾਰ

ਧੂਫ਼ ਦੇ ਧੂੰਏ ਵਾਂਗ
ਲਹਿਰਾਉਂਦਾ ਹੈ
ਉਨ੍ਹਾਂ ਦਾ ਲਹੂ

ਆਪਣੀ ਪਤਨੀ ਇਵਾਂਕਾ ਦੀ ਮੌਤ ਬਾਰੇ ਜ਼ਿਕਰ ਕਰਦਿਆਂ, ਉਹ ਜਿਸ ਭਾਵੁਕਤਾ ਨੂੰ ਪ੍ਰਣਾਇਆ ਜਾਂਦਾ ਹੈ, ਉਹ ਸਥਿਤੀ ਉਸਦੇ ਅੰਦਰ ਅਹਿਸਾਸਾਂ ਦੇ ਅਥਾਹ ਸਮੁੰਦਰਾਂ ਦੀ ਦੱਸ ਪਾਉਂਦੀ ਹੈ।

''ਇਵਾਂਕਾ ਨੂੰ ਨਰਸ ਦੀ ਬਾਲੀ ਚਿੱਟੀ ਮੋਮਬੱਤੀ ਵਾਂਗ ਹੌਲੀ ਹੌਲੀ ਘਟਦੀ ਜਾਂਦੀ ਵੇਖਣਾ ਤੇ ਫੇਰ ਕੰਬਦੀ ਲਾਟ ਵਾਂਗ ਅਚਾਨਕ ਉਸਦੇ ਬੁਝ ਜਾਣ ਦੀ ਸਿਮਰਤੀ ਹੁਣ ਵੀ ਦਿਲ ਵਿਚ ਹੌਲ ਪਾ ਦਿੰਦੀ ਹੈ''

ਤੈਨੂੰ ਲੱਭਦਾ ਹੈ
ਮੇਰੇ ਮੱਥੇ ਦਾ ਲਹੂ
---------
ਜਿਹੜੀ ਅੱਗ ਸੇਕਾਂ
ਉਸ ਵਿਚ ਬਲਾਂ ਵੀ
--------------
ਮੌਤ ਤੋਂ ਮੈਂ ਅਚੰਭਿਤ ਹਾਂ
ਭੈਅ-ਭੀਤ ਨਹੀਂ-----------।

ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਦੀ ਸਥਿਤੀ ਬਾਰੇ ਉਸਨੇ ਆਪਣੇ ਹੀ ਹਵਾਲੇ ਨਾਲ ਬੇਬਾਕ ਵਿਚਾਰ ਪ੍ਰਗਟ ਕੀਤੇ ਹਨ

''ਮੈਂ ਮਹਿਜ਼ ਕਵੀ ਹਾਂ, ਮੈਨੂੰ ਕੋਈ ਹੋਰ ਵਿਸ਼ੇਸ਼ਣ ਨਹੀਂ ਲਗਦਾ। ਕਵਿਤਾ ਦੀ ਭਾਸ਼ਾ ਸਮਰਥਨ ਦੀ ਭਾਸ਼ਾ ਨਹੀਂ ਹੁੰਦੀ। ਭਾਰਤ ਵਿਚ ਹੁੰਦਾ ਤਾਂ ਮੈਨੂੰ ਵੀ ਕਿਤੇ ਸਾਹਿਤ ਦੀ ਅਫ਼ਸਰੀ ਮਿਲ ਜਾਂਦੀ। ਯੋਰਪ ਵਿਚ ਆ ਜਾਣ ਕਰਕੇ ਮੈਂ ਇਹ ਪਾਪੜ ਵੇਲਣੇ ਬੈਠ ਗਿਆ। ਮੇਰੇ ਅਤੇ ਮੇਰੀ ਕਲਮ ਵਿਚਕਾਰਲੀ ਸਪੇਸ ਦੁੱਧ ਚਿੱਟੀ ਹੈ------ਹਿੰਦੋਸਤਾਨ ਵਿਚ ਰਹਿੰਦਿਆਂ ਵੀ ਜੋ ਕੁਝ ਲੇਖਕ ਦੁੱਧ-ਚਿੱਟੀ ਸਪੇਸ ਵਿਚ ਰਹਿ ਰਹੇ ਹਨ- ਉਹ ਮੇਰੇ ਹੀਰੋ ਹਨ। ਲੇਖਕ ਦੋ ਤਰ੍ਹਾਂ ਦੇ ਹੁੰਦੇ ਹਨ ਸਾਸ਼ਨ ਦੇ ਨਾਲ ਤੁਰਨ ਵਾਲੇ ਅਤੇ ਇਕੱਲੇ ਤੁਰਨ ਵਾਲੇ ਸੱਤਾ ਨਾਲ ਕਦਮ ਮਿਲਾ ਕੇ ਤੁਰਨ ਵਾਲਾ ਭਾਰਤ ਵਿਚ ਐਸ਼ ਕਰਦੇ ਹਨ। ਇਸ ਐਸ਼ ਦੀ ਤਲਾਸ਼ ਨਾ ਮੈਨੂੰ ਭਾਰਤ ਵਿਚ ਸੀ

ਅਤੇ ਨਾ ਏਥੇ ਹੈ''-ਅਖ਼ੀਰ ਵਿਚ ਉਸਦੀ ਇਕ ਕਵਿਤਾ :-


ਮੈਨੂੰ ਵੀ ਤੂੰ
ਆਪਣੇ ਕਿਚਨ ਗਾਰਡਨ 'ਚ
ਧਨੀਏ ਤੇ ਪੁਦੀਨੇ ਵਿਚਕਾਰ
ਉਗਾ ਲੈਣਾ ਸੀ-

ਇਕੋ ਥਾਵੇਂ
ਖੁਸ਼ੀ ਨਾਲ ਸਿਰ ਚੁੱਕੀ
ਮੈਂ ਗਰਮੀਆਂ ਲੰਘਾ ਦਿੰਦਾ
ਤੂੰ ਹਨ੍ਹੇਰੇ 'ਚ
ਵਾਰ ਵਾਰ ਉੱਠ ਕੇ ਆਉਂਦੀ
ਮੇਰੀਆਂ ਤਰੇਲ ਭਿੱਜੀਆਂ ਪੱਤੀਆਂ
ਟੋਹ ਕੇ
ਆਪਣੇ ਹੱਥ ਸੁਗੰਧਿਤ ਕਰਨ
ਮਹਿਕ ਨਾਲ ਆਕੜੇ
ਫੁੱਲਾਂ ਨੂੰ ਚੁੰਗ ਕੇ
ਆਪਣੇ ਬੁੱਲ, ਸੁਗੰਧਿਤ ਕਰਨ
ਮੈਨੂੰ ਵੀ ਤੂੰ
ਆਪਣੇ ਕਿਚਨ ਗਾਰਡਨ 'ਚ
ਉਗਾ ਲੈਣਾ ਸੀ
ਬਹੁਤਾ ਵਧਣ ਫ਼ੈਲਣ ਤੇ
ਤੇਰੀ ਕੈਂਚੀ ਨਾਲ ਭਾਵੇਂ
ਮੇਰਾ ਵੀ ਸਿਰ ਕੁਤਰਿਆ ਜਾਂਦਾ

**ਡਾ. ਲਖਵਿੰਦਰ ਸਿੰਘ ਜੌਹਲ**
**20 ਪ੍ਰੋਫ਼ੈਸਰ ਕਲੋਨੀ, ਨੇੜੇ ਵਡਾਲਾ ਚੌਕ**
**ਜਲੰਧਰ 144003**
**9417194812**

# ਪਰਵਾਸੀ ਸਾਹਿਤ ਅਧਿਐਨ ਕੇਂਦਰ

# ਪ੍ਰਕਾਸ਼ਿਤ ਪੁਸਤਕਾਂ
























**ਇਹ ਪੁਸਤਕਾਂ ਰਵੀ ਸਾਹਿਤ ਪ੍ਰਕਾਸ਼ਨ, ਸਿੰਘ ਬ੍ਰਦਰਜ਼ ਅੰਮ੍ਰਿਤਸਰ ਅਤੇ AMAZON ਤੇ ਵੀ ਉਪਲੱਬਧ ਹਨ**

# ‘ਸਾਹਿਤ ਸੁਰ ਸੰਗਮ ਸਭਾ ਇਟਲੀ’ ਦਾ ਸਫ਼ਰ ਸ਼ਬਦਾਂ ਦੀ ਜ਼ੁਬਾਨੀ

ਸਾਹਿਤ ਸੁਰ ਸੰਗਮ ਸਭਾ ਇਟਲੀ ਇਕ ਦਹਾਕੇ ਦਾ ਪੈਂਡਾ ਤੈਅ ਕਰਦਿਆਂ ਬਹੁਤ ਸਾਰੇ ਪੜਾਵਾਂ ਵਿੱਚ ਦੀ ਗੁਜ਼ਰਦੇ ਹੋਏ ਅੱਜ ਦੁਨੀਆ ਭਰ ਦੀਆਂ ਸਾਹਿਤਕ ਸਭਾਵਾਂ ਵਿੱਚ ਵਿਲੱਖਣ ਮੁਕਾਮ ‘ਤੇ ਹੈ। 2011 ਵਿੱਚ ਇਸ ਸਭਾ ਨੂੰ ਇਟਲੀ ਵੱਸਦੇ ਕੁਝ ਲੇਖਕਾਂ, ਗੀਤਕਾਰਾਂ ਤੇ ਕਵੀਆਂ ਨੇ ਇਟਲੀ ਵਿੱਚ ਛੋਟੇ ਛੋਟੇ ਸਾਹਿਤਕ ਸਮਾਗਮ ਕਰਵਾਉਣ ਅਤੇ ਪੰਜਾਬੀ ਬੋਲੀ ਨਾਲ ਸਾਂਝ ਪਾਉਣ ਲਈ ਗਠਿਤ ਕੀਤਾ। ਜਿਹਨਾਂ ਵਿੱਚ ਪ੍ਰਸਿੱਧ ਕਵੀ ਤੇ ਕਾਲਮ ਨਵੀਸ ਵਿਸ਼ਾਲ (ਅੱਜਕੱਲ੍ਹ ਸੰਪਾਦਕ ਅੱਖਰ), ਰਾਜੂ ਹਠੂਰੀਆ, ਪ੍ਰਭਜੀਤ ਨਰਵਾਲ, ਰਵੇਲ ਸਿੰਘ, ਪਵਨ ਪਰਵਾਸੀ, ਰਾਣਾ ਅਠੌਲਾ, ਬਲਵਿੰਦਰ ਸਿੰਘ ਚਾਹਲ ਆਦਿ ਸ਼ਾਮਿਲ ਸਨ। ਸਰਬਸੰਮਤੀ ਨਾਲ ਕੀਤੀ ਗਈ ਚੋਣ ਵਿੱਚ ਪ੍ਰਭਜੀਤ ਨਰਵਾਲ ਪਹਿਲੇ ਪ੍ਰਧਾਨ ਬਣੇ।




ਸਭਾ ਨੇ ਆਪਣਾ ਪਹਿਲਾ ਸਲਾਨਾ ਸਮਾਗਮ ਇਟਲੀ ਦੇ ਕਰੇਮੋਨਾ ਜ਼ਿਲੇ ਵਿੱਚ ਕਰਵਾਇਆ। ਜਿਸ ਵਿੱਚ ਇਟਲੀ ਭਰ ਤੋਂ ਜਿੱਥੇ ਲੇਖਕ, ਕਵੀ ਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਦਾ ਇਕੱਠ ਹੋਇਆ, ਉੱਥੇ ਗਾਇਕ ਤੇ ਸਭਿਆਚਾਰਕ ਸਖਸ਼ੀਅਤਾਂ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈਆਂ। ਇਸ ਸਮਾਗਮ ਵਿੱਚ ਸਭਾ ਵੱਲੋਂ ਇਟਲੀ ਦੇ ਕਵੀਆਂ ਦਾ ਸਾਂਝਾ ਕਾਵਿ ਸੰਗ੍ਰਹਿ “ਸਾਂਝ ਸਫ਼ਰ” ਵੀ ਲੋਕ ਅਰਪਣ ਕੀਤਾ ਗਿਆ। ਜਿਸ ਨਾਲ ਇਟਲੀ ਭਰ ਦੇ ਸਮੁੱਚੇ ਪੰਜਾਬੀ ਕਵੀ ਸੰਸਾਰ ਨੂੰ ਇੱਕ ਮੰਚ ਉੱਪਰ ਇਕੱਤਰ ਕਰਨ ਵਿੱਚ ਵੱਡੀ ਸਫ਼ਲਤਾ ਮਿਲੀ। ਇਸ ਤੋਂ ਬਾਅਦ 2012 ਵਿੱਚ ਕਰਵਾਏ ਗਏ ਸਲਾਨਾ ਸਮਾਗਮ ਵਿੱਚ ਮਲਕੀਅਤ ਸਿੰਘ ਧਾਲੀਵਾਲ (ਜੋ ਅੱਜਕੱਲ੍ਹ ਸਭਾ ਦੇ ਸਰਪ੍ਰਸਤ ਹਨ) ਦਾ ਕਾਵਿ ਸੰਗ੍ਰਹਿ “ਬੁੱਤ ਦੀ ਪੁਕਾਰ” ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਨੇ ਹੋਰ ਕਵੀਆਂ ਤੇ ਲੇਖਕਾਂ ਨੂੰ ਇੱਕ ਨਵਾਂ ਉਤਸ਼ਾਹ ਦਿੱਤਾ ਅਤੇ ਸਾਹਿਤਕ ਬੈਠਕਾਂ ਦਾ ਰੁਝਾਨ ਵਧਣ ਲੱਗਾ।



## ਸਾਹਿਤ ਸੁਰ ਸੰਗਮ ਸਭਾ ਇਟਲੀ

ਇਸਦੇ ਇੱਕ ਸਾਲ ਬਾਅਦ 2013 ਵਿਚ ਪ੍ਰਭਜੀਤ ਨਰਵਾਲ ਦੇ ਇਟਲੀ ਤੋਂ ਕੈਨੇਡਾ ਪ੍ਰਵਾਸ ਕਰ ਜਾਣ ਕਾਰਨ ਸਰਬਸੰਮਤੀ ਨਾਲ ਸਭਾ ਦੀ ਪ੍ਰਧਾਨਗੀ ਬਲਵਿੰਦਰ ਸਿੰਘ



ਪਹਿਲੀ ਯੂਰਪੀ ਪੰਜਾਬੀ ਕਾਨਫ਼ਰੰਸ ਮੌਕੇ ਸ੍ਰੀ ਸੁੱਖੀ ਬਾਠ, ਸ. ਮੋਤਾ ਸਿੰਘ ਸਰਾਏ ਦੇ ਨਾਲ ਯੂਰਪੀ ਪੰਜਾਬੀ ਲੇਖਕ

ਚਾਹਲ ਨੂੰ ਸੌਂਪੀ ਗਈ। ਬਲਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਵਿੱਚ ਸਭਾ ਨੇ ਇਟਲੀ ਵਿੱਚ ਜਿੱਥੇ ਸਭਾ ਦੇ ਸਲਾਨਾ ਸਾਹਿਤਕ ਸਮਾਗਮਾਂ ਨੂੰ ਜਾਰੀ ਰੱਖਿਆ ਉੱਥੇ ਸਭਾ ਵੱਲੋਂ ਅਗਲਾ ਕਾਵਿ ਸੰਗ੍ਰਹਿ "ਸਾਂਝ ਸੁਨੇਹੇ" ਵੀ ਪ੍ਰਕਾਸ਼ਿਤ ਕਰਵਾਇਆ। ਇਸ ਦੇ ਅਗਲੇ ਸਾਲ ਸਭਾ ਦੇ ਗੀਤਕਾਰ ਤੇ ਗਾਇਕ ਸਾਥੀਆਂ ਨੂੰ ਇਕੱਤਰ ਕਰਕੇ ਇੱਕ ਆਡੀਉ ਐਲਬਮ "ਸੁਨੇਹਾ" ਵੀ ਰਿਕਾਰਡ ਕਰਵਾਈ ਗਈ। ਜਿਸਦਾ ਮਕਸਦ ਸਾਫ਼ ਸੁਥਰੀ ਗੀਤਕਾਰੀ ਤੇ ਗਾਇਕੀ ਦਾ ਸੁਨੇਹਾ ਦੇਣਾ ਸੀ। ਇਸ ਐਲਬਮ ਵਿੱਚ ਪ੍ਰਸਿੱਧ ਗਾਇਕ ਗੁਰਬਖਸ਼ ਸ਼ੌਂਕੀ, ਗਾਇਕਾ ਮੀਨੂ ਸਿੰਘ ਤੇ ਹੋਰ ਗਾਇਕਾਂ ਨੇ ਆਪਣੀਆਂ ਆਵਾਜ਼ਾਂ ਦਿੱਤੀਆਂ। ਇਸ ਸਮੇਂ ਸਭਾ ਦੇ ਸਰਗਰਮ ਮੈਂਬਰਾਂ ਵਿੱਚੋਂ ਜਿੱਥੇ ਪਹਿਲਾਂ ਪ੍ਰਭਜੀਤ ਨਰਵਾਲ ਕੈਨੇਡਾ ਚਲੇ ਗਏ। ਉਸੇ ਤਰ੍ਹਾਂ ਵਿਸ਼ਾਲ ਵਾਪਸ ਭਾਰਤ ਚਲੇ ਗਏ ਤੇ ਪਵਨ ਪਰਵਾਸੀ ਜਰਮਨ ਜਾ ਵੱਸੇ, ਸੁਖਰਾਜ ਬਰਾੜ ਤੇ ਬਿੰਦੂ ਹਠੂਰ ਵੀ ਕੈਨੇਡਾ ਜਾ ਵੱਸੇ ਤੇ ਬਲਵਿੰਦਰ ਸਿੰਘ ਚਾਹਲ ਤੇ ਮਨਜੀਤ ਨੱਥੂਚਾਹਲੀਆ ਇੰਗਲੈਂਡ ਜਾ ਵੱਸੇ ਹਨ। ਪਰ ਇਸ ਦੌਰਾਨ ਕੁਝ ਨਵੇਂ ਚਿਹਰੇ ਸਭਾ ਨਾਲ ਜੁੜੇ। ਜਿਹਨਾਂ ਵਿੱਚ ਬਿੰਦਰ ਕੋਲੀਆਂਵਾਲ, ਨਿਰਵੈਲ ਸਿੰਘ ਢਿੱਲੋਂ, ਦਲਜਿੰਦਰ ਰਹਿਲ, ਪ੍ਰੋ ਜਸਪਾਲ ਸਿੰਘ, ਸਿੱਕੀ ਝੱਜੀ ਪਿੰਡ ਵਾਲਾ, ਮੇਜਰ ਸਿੰਘ ਖੱਖ, ਪਰੇਮਪਾਲ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਯਾਦਵਿੰਦਰ ਸਿੰਘ ਬਾਗੀ ਆਦਿ ਦੇ ਨਾਂ ਪ੍ਰਮੁੱਖ ਹਨ।

ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਕਰਵਾਏ ਜਾਂਦੇ ਸਲਾਨਾ ਸਮਾਗਮਾ ਲੜੀ ਲਗਾਤਾਰ ਜਾਰੀ ਰਹੀ। ਜੋ ਇਟਲੀ ਦੇ ਵੱਖ ਵੱਖ ਸ਼ਹਿਰਾਂ ਜਿਵੇਂ ਬਰੇਸ਼ੀਆ, ਆਰੇਸੋ, ਵੈਰੋਨਾ, ਕਰੇਮੋਨਾ, ਨੋਵੇਲਾਰਾ, ਬਨਿਔਲੋਮੇਲਾ ਆਦਿ ਵਿੱਚ ਕਰਵਾਏ ਗਏ

ਹਨ। ਇਹਨਾਂ ਸਮਾਗਮਾਂ ਵਿੱਚ ਵੱਖ ਵੱਖ ਸਮੇਂ 'ਤੇ ਉੱਘੀਆਂ ਸਖਸ਼ੀਅਤਾਂ ਜਿਹਨਾਂ ਵਿੱਚ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਤੇ ਮੀਡੀਆ ਪੰਜਾਬ ਦੇ ਮੁੱਖ ਸੰਪਾਦਕ ਬਲਦੇਵ ਸਿੰਘ ਬਾਜਵਾ ਜਰਮਨੀ, ਪ੍ਰਸਿੱਧ ਪੰਜਾਬੀ ਲੇਖਕ ਐਸ ਅਸ਼ੋਕ ਭੌਰਾ, ਰੰਗ ਕਰਮੀ ਤੇ ਅਦਾਕਾਰ ਅਸ਼ੋਕ ਪੁਰੀ, ਪ੍ਰਸਿੱਧ ਪੰਜਾਬੀ ਲੋਕ ਗਾਇਕ ਗੁਰਬਖਸ਼ ਸ਼ੌਂਕੀ, ਅਦਾਕਾਰ ਅਮ੍ਰਿਤਪਾਲ ਸਿੰਘ ਬਿੱਲਾ, ਲੇਖਕ ਪ੍ਰਕਾਸ਼ ਸੋਹਲ ਯੂ. ਕੇ., ਸੁਖਵੀਰ ਸੰਧੂ ਫਰਾਂਸ ਆਦਿ ਦੇ ਨਾਂ ਵਿਸ਼ੇਸ਼ ਹਨ।




**ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਹਿਤਕ ਸਮਾਗਮ**

ਸਾਹਿਤ ਸੁਰ ਸੰਗਮ ਸਭਾ ਨੇ ਇੱਕ ਹੋਰ ਵੱਡੀ ਪੁਲਾਂਘ ਪੁੱਟਦਿਆਂ ਯੂਰਪ ਦੀ ਧਰਤੀ 'ਤੇ ਪਹਿਲੀ ਪੰਜਾਬੀ ਕਾਨਫਰੰਸ ਕਰਨ ਦਾ ਸੁਪਨਾ ਲਿਆ ਸੀ। ਇਸ ਸੁਪਨੇ ਨੂੰ ਪੂਰਾ ਕਰਨ ਲਈ 2018 ਦੇ ਸਤੰਬਰ ਮਹੀਨੇ ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਵੇਂ ਗੁਰਪੁਰਬ ਨੂੰ ਸਮਰਪਿਤ ਕਰਦਿਆਂ ਪਹਿਲੀ ਯੂਰਪੀ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਜਿਸਦਾ ਮੁੱਖ ਵਿਸ਼ਾ ਤੇ ਮਕਸਦ ਸੀ- ਇਟਲੀ ਵਿੱਚ ਪਲ ਰਹੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੋੜਨਾ ਤੇ ਉਹਨਾਂ ਵਿੱਚ ਇਸ ਲਈ ਉਤਸ਼ਾਹ ਪੈਦਾ ਕਰਨਾ। ਇਸ ਕਾਨਫਰੰਸ ਵਿੱਚ ਇਟਲੀ ਰਹਿੰਦੇ ਸੈਂਕੜੇ ਪੰਜਾਬੀ ਬੱਚਿਆਂ ਨੇ ਭਾਗ ਲਿਆ ਅਤੇ ਪੰਜਾਬੀ ਬੋਲੀ ਨਾਲ ਸੰਬੰਧਤ ਕਰਵਾਏ ਗਏ ਮੁਕਾਬਲਿਆਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਈ। ਇਸ ਕਾਨਫਰੰਸ ਵਿੱਚ ਕੈਨੇਡਾ ਤੋਂ ਸੁੱਖੀ ਬਾਠ (ਸੰਸਥਾਪਕ ਪੰਜਾਬ ਭਵਨ ਸਰੀ), ਮੋਤਾ ਸਿੰਘ ਸਰਾਏ ਸੰਚਾਲਕ ਯੂਰਪੀ ਪੰਜਾਬੀ ਸੱਥ ਯੂ. ਕੇ, ਕੇਹਰ ਸ਼ਰੀਫ ਜਰਮਨੀ, ਅੰਜੂਜੀਤ ਸ਼ਰਮਾ ਜਰਮਨੀ, ਪ੍ਰਕਾਸ਼ ਸੋਹਲ ਯੂ. ਕੇ., ਕੁਲਵੰਤ ਕੌਰ ਢਿੱਲੋਂ ਪ੍ਰਧਾਨ ਸਾਹਿਤ ਕਲਾ ਕੇਂਦਰ ਸਾਊਥਾਲ ਯੂ. ਕੇ., ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਯੂ. ਕੇ., ਸੁਖਦੇਵ ਸਿੰਘ ਬਾਂਸਲ ਯੂ. ਕੇ.,

ਹਰਜਿੰਦਰ ਸੰਧੂ ਯੂ. ਕੇ., ਹਰਦੀਪ ਮਾਨ ਆਸਟਰੀਆ ਨੇ ਵਿਸ਼ੇਸ਼ ਤੌਰ 'ਤੇ ਇਸ ਕਾਨਫਰੰਸ ਵਿੱਚ ਹਿੱਸਾ ਲਿਆ।

ਇਸਦੇ ਬਾਅਦ ਕੋਰੋਨਾ ਕਾਲ ਸ਼ੁਰੂ ਹੋਣ ਕਾਰਨ ਸਭ ਸਮਾਗਮ ਰੱਦ ਕਰਨੇ ਪਏ। ਪਰ ਸਾਹਿਤ ਸੁਰ ਸੰਗਮ ਸਭਾ ਇਟਲੀ ਨੇ ਤਕਨੀਕ ਦਾ ਸਹਾਰਾ ਲੈਂਦਿਆਂ ਜ਼ੂਮ ਸਾਫਟਵੇਅਰ ਦੇ ਸਹਾਰੇ ਹਰ ਮਹੀਨੇ ਸਾਹਿਤਕ ਸਮਾਗਮਾਂ ਦੀ ਲੜੀ ਚਾਲੂ ਕੀਤੀ। ਇਹ ਵੀ ਜ਼ਿਕਰਯੋਗ ਹੈ ਕਿ ਸਾਹਿਤ ਸੁਰ ਸੰਗਮ ਸਭਾ ਅਜਿਹੀ ਪਹਿਲੀ ਪੰਜਾਬੀ ਸਭਾ ਸੀ ਜਿਸਨੇ ਕੋਰੋਨਾ ਕਾਲ ਵਿੱਚ ਆਨ ਲਾਈਨ ਸਮਾਗਮਾਂ ਦਾ ਆਯੋਜਨ ਸ਼ੁਰੂ ਕੀਤਾ ਅਤੇ ਜਿਸ ਨਾਲ ਸਮੁੱਚੇ ਸੰਸਾਰ ਵਿੱਚ ਇਹਨਾਂ ਆਨਲਾਈਨ ਸਮਾਗਮਾਂ ਦਾ ਦੌਰ ਸ਼ੁਰੂ ਹੋਇਆ। ਆਨ ਲਾਈਨ ਸਮਾਗਮਾਂ ਵਿੱਚ ਸਭਾ ਵੱਲੋਂ ਸਮੁੱਚੇ ਸੰਸਾਰ ਤੋਂ ਬਹੁਪੱਖੀ




ਸਾਹਿਤ ਸੁਰ ਸੰਗਮ ਸਭਾ ਇਟਲੀ ਦੀ ਇੱਕਤਰਤਾ ਵਿਚ ਦਲਜਿੰਦਰ ਰਹਿਲ, ਬਲਵਿੰਦਰ ਚਾਹਲ ਤੇ ਹੋਰ

ਸਖਸ਼ੀਅਤਾਂ ਨੂੰ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਮੰਚ 'ਤੇ ਇਕੱਤਰ ਕੀਤਾ ਗਿਆ। ਜੇਕਰ ਸਭ ਦੇ ਨਾਂ ਲਿਖਣੇ ਹੋਣ ਤਾਂ ਲੜੀ ਬਹੁਤ ਲੰਬੀ ਹੈ ਪਰ ਕੁਝ ਇੱਕ ਦੇ ਨਾਮ ਲਿਖਣੇ ਜਰੂਰੀ ਸਮਝਦਾ ਹਾਂ। ਜਿਹਨਾਂ ਵਿੱਚ ਡਾ. ਸ. ਪ. ਸਿੰਘ ਸਾਬਕਾ ਵੀ. ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ, ਪ੍ਰੋ ਗੁਰਭਜਨ ਗਿੱਲ ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿ, ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ, ਡਾ ਰਵੇਲ ਸਿੰਘ ਦਿੱਲੀ ਯੂਨੀ, ਪ੍ਰੋ ਰਜਿੰਦਰਪਾਲ ਸਿੰਘ ਬਰਾੜ ਪੰਜਾਬੀ ਯੂਨੀ ਪਟਿਆਲਾ, ਕਹਾਣੀਕਾਰ ਸੁਖਜੀਤ, ਪ੍ਰਸਿੱਧ ਸ਼ਾਇਰ ਰਵਿੰਦਰ ਰਵੀ, ਡਾ ਆਸਾ ਸਿੰਘ ਘੁੰਮਣ ਆਦਿ ਦੇ ਨਾਂ ਮੁੱਖ ਹਨ। ਇਸਦੇ ਇਲਾਵਾ ਸਭਾ ਵੱਲੋਂ ਕਿਸਾਨ ਸੰਘਰਸ਼ ਮੌਕੇ ਵੀ ਅੰਤਰਰਾਸ਼ਟਰੀ ਪੱਧਰ ਤੇ ਆਵਾਜ ਉਠਾਉਂਦਿਆਂ ਇੱਕ ਪ੍ਰਭਾਵਸ਼ਾਲੀ ਆਨਲਾਈਨ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪ੍ਰਸਿੱਧ ਪੱਤਰਕਾਰ ਬਲਤੇਜ ਪੰਨੂ, ਪ੍ਰਸਿੱਧ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਸ਼ਾਮਿਲ ਹੋਏ।


## ਸਾਹਿਤ ਸੁਰ ਸੰਗਮ ਸਭਾ ਇਟਲੀ




**ਕਹਾਣੀਕਾਰ ਐਸ. ਸਾਕੀ ਦਾ ਕਹਾਣੀ ਸੰਗ੍ਰਹਿ ਰਿਲੀਜ਼ ਕਰਦੇ ਹੋਏ ਪਤਵੰਤੇ ਸੱਜਣ**

- 08 ਅਗਸਤ 2020 ਨੂੰ ਸਭਾ ਦੀ ਦਸਵੀਂ ਵਰ੍ਹੇਗੰਢ ਨੂੰ ਸਮਰਪਿਤ ਆਨਲਾਈਨ ਸਮਾਗਮ।
- 06 ਸਤੰਬਰ 2020 ਨੂੰ ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਪੰਜਾਬੀ ਸਾਹਿਤ ਕਲਾ ਕੇਂਦਰ ਸਾਊਥਹਾਲ ਦਾ ਸਾਂਝਾ ਸਾਹਿਤਕ ਸਮਾਗਮ।
- 04 ਅਕਤੂਬਰ 2020 ਨੂੰ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਸਹਿਯੋਗ ਨਾਲ ਇਟਲੀ ਵਿਚ ਸਿੱਖ ਫੌਜੀ ਦਾ ਆਯੋਜਨ।
- 06 ਦਸੰਬਰ 2020 ਨੂੰ ਲੋਕ ਪੱਖੀ ਹੁੰਗਾਰੇ ਨੂੰ ਸਮਰਪਿਤ ਯੂਰਪੀ ਪੰਜਾਬੀ ਕਵੀ ਦਰਬਾਰ।
- 10 ਜਨਵਰੀ 2021 ਨੂੰ ਸਾਂਝ ਸੰਮੇਲਨ ਦੀ ਪੰਜਵੀਂ ਲੜੀ ਤਹਿਤ ਕਵੀ ਦਰਬਾਰ ਦਾ ਆਯੋਜਨ।
- 07 ਫਰਵਰੀ 2021 ਨੂੰ ਸਾਂਝ ਸੰਮੇਲਨ ਦੀ ਛੇਵੀਂ ਲੜੀ ਤਹਿਤ ਪੁਸਤਕ ਵਿਚਾਰ ਚਰਚਾ ਤੇ ਕਵੀ ਦਰਬਾਰ।
- 21 ਫਰਵਰੀ 2021 ਨੂੰ ਸਾਂਝ ਸੰਮੇਲਨ ਦੀ ਸਤਵੀਂ ਲੜੀ ਤਹਿਤ ਮਾਂ ਬੋਲੀ ਨੂੰ ਸਮਰਪਿਤ ਫੱਟੀ ਤੋਂ ਫੌਂਟ ਤੱਕ ਸਮਾਗਮ।
- 27 ਫਰਵਰੀ 2021 ਨੂੰ ਸੰਵਾਦ ਤੇ ਕਵੀ ਦਰਬਾਰ।
- 18 ਅਪ੍ਰੈਲ 2021 ਨੂੰ ਸਾਂਝ ਸੰਮੇਲਨ ਦੀ ਅੱਠਵੀਂ ਲੜੀ ਤਹਿਤ 'ਆਈ ਵਿਸਾਖੀ ਪੱਬ ਨਹੀਂ ਉੱਠਦਾ'।
- 04 ਜੁਲਾਈ 2021 ਨੂੰ 'ਉਸ ਪਾਰ ਜ਼ਿੰਦਗੀ' ਨਾਵਲ ਤੇ ਚਰਚਾ।
- 05 ਸਤੰਬਰ 2021 ਨੂੰ ਗੁਰਭਜਨ ਗਿੱਲ ਦੀ ਗ਼ਜ਼ਲ ਪੁਸਤਕ 'ਸੁਰਤਾਲ' 'ਤੇ ਵਿਚਾਰ ਚਰਚਾ ਸਮਾਗਮ ਦਾ ਸਫ਼ਲਤਾ ਪੂਰਵਕ ਆਯੋਜਨ ਕੀਤਾ ਗਿਆ।

## ਸਾਹਿਤ ਸੁਰ ਸੰਗਮ ਸਭਾ ਇਟਲੀ




ਪੰਜਾਬੀ ਅਤੇ ਇਟਾਲੀਅਨ ਭਾਸ਼ਾ ਵਿੱਚ ਸਾਂਝ ਪੈਦਾ ਕਰਨ ਹਿੱਤ ਕਰਵਾਏ ਗਏ ਸਾਂਝੇ ਸਾਹਿਤਕ ਸਮਾਗਮ ਵਿੱਚ ਪੰਜਾਬੀ ਕਵੀ ਡਾ. ਦਵਿੰਦਰ ਸੈਫ਼ੀ, ਸਵਰਨਜੀਤ ਸਵੀ, ਇਟਾਲੀਅਨ ਕਵੀ ਮਾਰੀਉ ਨਾਪੋਲੀਤਾਨੋ, ਅਤੇ ਫਰਾਂਕੋ ਮਾਤੇਈ ਦੀਆਂ ਕਵਿਤਾਵਾਂ ਉੱਪਰ ਉੱਚ ਪੱਧਰ ਦੀ ਆਲੋਚਨਾਤਮਿਕ ਵਿਚਾਰ ਚਰਚਾ ਕੀਤੀ ਗਈ। ਪੰਜਾਬੀ ਦੇ ਪ੍ਰਸਿੱਧ ਚਿੰਤਕ ਡਾ. ਯੋਗ ਰਾਜ ਉਪ ਚੇਅਰਮੈਨ, ਪੰਜਾਬ ਆਰਟ ਕੌਂਸਲ ਅਤੇ ਇਟਾਲੀਅਨ ਆਲੋਚਕ ਡਾ. ਦਾਨੀਏਲੇ ਕਾਸਤੀਲਾਰੇ ਤੇ ਪ੍ਰੋ. ਸਾਂਦਰੋ ਮਾਰਾ ਨੇ ਇਸ ਚਰਚਾ ਵਿੱਚ ਭਾਗ ਲਿਆ।

ਅੱਜ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਸੁਰ ਸੰਗਮ ਸਭਾ ਇਟਲੀ ਨੇ ਨਾ ਸਿਰਫ਼ ਇਟਲੀ ਵਿੱਚ ਹੀ ਸਗੋਂ ਸਮੁੱਚੇ ਸੰਸਾਰ ਵਿੱਚ ਵਿਸ਼ੇਸ਼ ਥਾਂ ਬਣਾਈ ਹੈ। ਸਭਾ ਆਪਣੇ ਕਾਰਜਾਂ ਪ੍ਰਤੀ ਨਿਰੰਤਰ ਗਤੀਸ਼ੀਲ ਹੈ। ਅੱਜ ਸਭਾ ਨੂੰ ਇਸ ਗੱਲ 'ਤੇ ਮਾਣ ਹੈ ਕਿ ਉਸਦੀ ਟੀਮ ਵਿੱਚ ਦਲਜਿੰਦਰ ਰਹਿਲ, ਮਲਕੀਅਤ ਸਿੰਘ ਧਾਲੀਵਾਲ, ਬਿੰਦਰ ਕੋਲੀਆਵਾਲ, ਰਾਜੂ ਹਠੂਰੀਆ, ਰਾਣਾ ਅਠੌਲਾ, ਸਤਵੀਰ ਸਾਂਝ, ਸਿੱਕੀ ਝੱਜੀ ਪਿੰਡ ਵਾਲਾ, ਨਿਰਵੈਲ ਢਿੱਲੋਂ, ਮੇਜਰ ਸਿੰਘ ਖੱਖ, ਪ੍ਰੋ. ਜਸਪਾਲ ਸਿੰਘ, ਪ੍ਰੇਮਪਾਲ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਵਾਸਦੇਵ, ਯਾਦਵਿੰਦਰ ਸਿੰਘ ਬਾਗੀ ਹਨ। ਇਹ ਸਭ ਮੈਂਬਰ ਜਿੱਥੇ ਲਿਖਣ ਕਲਾ ਵਿੱਚ ਮਾਹਿਰ ਹਨ ਉੱਥੇ ਇਹ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਬੋਲੀ ਪ੍ਰਤੀ ਵੀ ਸੁਹਿਰਦਤਾ ਨਾਲ ਕੰਮ ਕਰਦੇ ਹਨ।




**ਬਲਵਿੰਦਰ ਸਿੰਘ ਚਾਹਲ**
**ਪ੍ਰਧਾਨ**
**ਸਾਹਿਤ ਸੁਰ ਸੰਗਮ ਸਭਾ ਇਟਲੀ**

# ਪੰਜਾਬੀ ਅਦਬੀ ਸੰਸਥਾ ਪੰਜਨਦ ਜਰਮਨੀ

## ਅਮਜ਼ਦ ਆਰਫ਼ੀ



ਪੰਜਾਬੀ ਅਦਬੀ ਸੰਸਥਾ ਪੰਜਨਦ ਜਰਮਨੀ ਦੀ ਨੀਂਹ ਅਮਜ਼ਦ ਆਰਫ਼ੀ, ਚੌਧਰੀ ਕਰਮ ਇਲਾਹੀ ਅਤੇ ਕੈਂਬਰ ਆਰੀ ਵੱਲੋਂ ਸਿਆਸਤ ਅਤੇ ਮਜ਼੍ਹਬ ਤੋਂ ਦੂਰ ਰਹਿੰਦਿਆਂ 2016 ਵਿਚ ਰੱਖੀ ਗਈ। ਦਸੰਬਰ 2016ਵਿੱਚ ਸ਼ਾਕਿਰ ਸ਼ੁਜ਼ਾ ਏ ਅਬਾਦੀ ਲਾਈਫ ਐਵਾਰਡਜ਼ ਯੂਰਪ ਵਿੱਚ ਪਹਿਲੀ ਵਾਰ ਦੇਣ ਲਈ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ਼ਾਕਿਰ ਸ਼ੁਜ਼ਾ ਏ ਅਬਾਦੀ ਨੇ ਸ਼ਿਰਕਤ ਕੀਤੀ ਅਤੇ ਮਹਾਨ ਲਿਖਾਰੀਆਂ ਨੂੰ ਸ਼ਾਕਿਰ ਸ਼ੁਜ਼ਾ ਏ ਆਬਾਦੀ ਐਵਾਰਡ ਪੰਜਾਬੀ ਤਨਜ਼ੀਮ ਪੰਜ ਨੰਦ ਵੱਲੋਂ ਪ੍ਰਦਾਨ ਕੀਤੇ ਗਏ। ਇਸੇ ਸਾਲ 2016 ਵਿੱਚ ਹਲਕਾ ਏ ਬਾਬੇ ਜ਼ੋਕ ਪਾਕਿਸਤਾਨ ਦੇ ਮਾਅਰੂਫ਼ ਸ਼ਾਇਰ ਵਸੀਹ ਸ਼ਾਹ ਨਾਲ ਮੁਲਾਕਾਤ ਲਈ ਇਕ ਸ਼ਾਮ ਰਾਖਵੀਂ ਰੱਖੀ ਗਈ ਅਤੇ ਉਨ੍ਹਾਂ ਦੇ ਕਲਾਮ ਸੁਣਨ ਦੇ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

2017 ਫਰਵਰੀ ਵਿਚ ਸਭਾ ਦੇ ਸਾਰੇ ਮੈਂਬਰਾਂ ਦੀ ਇਕੱਤਰਤਾ ਹੋਈ ਜਿਸ ਵਿਚ ਚੁੱਪ ਦੀ ਬੁੱਕਲ ਪੁਸਤਕ ਦਾ ਸਿਰਲੇਖ ਫਾਈਨਲ ਹੋਇਆ ਅਤੇ ਪੁਸਤਕ ਦੇ ਮੈਟਰ ਬਾਰੇ ਵਿਚਾਰ ਚਰਚਾ ਕੀਤੀ ਗਈ। 2017 ਮਈ ਵਿੱਚ ਆਬਿਦ ਹੁਸੈਨ ਆਬਿਦ ਨੂੰ ਖ਼ਿਰਾਜ਼ੇ ਅਕੀਦਤ ਪੇਸ਼ ਕਰਨ ਲਈ ਐਵਾਨੇ ਅਮਜ਼ਦ ਵਿਚ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਦੇ ਕਲਾਮ ਬਾਰੇ ਵਿਚਾਰ ਚਰਚਾ ਹੋਈ ਤੇ ਉਨ੍ਹਾਂ ਨੇ ਸਰੋਤਿਆਂ ਨੂੰ ਆਪਣੇ ਕਲਾਮ ਨਾਲ ਨਿਵਾਜ਼ਿਆ।

2018 ਜੁਲਾਈ ਵਿੱਚ ਜਰਮਨੀ ਦੇ ਸ਼ਾਇਰ ਤਾਹਿਰ ਅਜ਼ੀਮ ਦੀ ਕਿਤਾਬ ਬੋਸ਼ਾ ਦੇ ਲੋਕ ਅਰਪਣ ਸਬੰਧੀ ਸਮਾਗਮ ਦਾ ਪ੍ਰਬੰਧ ਕੀਤਾ ਗਿਆ। ਮਾਰਚ 2019 ਵਿਚ

## ਪੰਜਾਬੀ ਅਦਬੀ ਤਨਜ਼ੀਮ ਪੰਜਨਦ: ਅਮਜ਼ਦ ਆਰਫ਼ੀ

ਪਾਕਿਸਤਾਨ ਦੇ ਮਾਅਰੁਫ਼ ਸ਼ਾਇਰ ਜ਼ਹੂਰ ਹੁਸੈਨ ਜ਼ਹੂਰ ਪਾਕਪਟਨ ਦੀ ਯਾਦ ਵਿੱਚ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ ਅਤੇ ਜ਼ਹੂਰ ਹੁਸੈਨ ਜ਼ਹੂਰ ਐਵਾਰਡ ਵੀ ਲਿਖਾਰੀਆਂ ਨੂੰ ਦਿੱਤੇ ਗਏ। ਅਗਸਤ 2019 ਵਿੱਚ ਪਾਕਿਸਤਾਨ ਦੇ ਵਿੱਚ ਤਨਜ਼ੀਮ ਸ਼ਹਿਰੋ ਅਦਬ ਮੰਡੀ ਰੁਟੇਲਾ ਰੋਡ ਨਾਲ ਮਿਲ ਕੇ ਪੰਜ ਨਦ ਜਰਮਨੀ ਨੇ ਇੱਕ ਆਵਾਜ਼ ਪਾਕਿਸਤਾਨ ਮੁਸ਼ਾਇਰੇ ਦਾ ਪ੍ਰਬੰਧ ਕੀਤਾ।

2019 ਵਿਚ ਜਰਮਨ ਉਰਦੂ ਕਲਚਰ ਸੁਸਾਇਟੀ ਤੇ ਹਲਕਾ ਏ ਬਾਬੇ ਜ਼ੋਕ ਨਾਲ ਮਿਲ ਕੇ ਪੰਜ ਨਦ ਤਨਜ਼ੀਮ ਜਰਮਨੀ ਨੇ ਫ੍ਰੈਂਕਫਰਟ ਵਿਚ ਬਾਬਾ ਨਾਨਕ ਦੇ ਪੰਜ ਸੌ ਪੰਜਾਹ ਵੇਂ ਪ੍ਰਕਾਸ਼ ਪੁਰਬ ਤੇ ਇੱਕ ਮੁਸ਼ਾਇਰੇ ਦਾ ਆਯੋਜਨ ਕੀਤਾ ਜਿਸ ਵਿੱਚ ਭਾਰਤੀ ਤੇ ਪਾਕਿਸਤਾਨੀ ਸ਼ਾਇਰਾਂ ਨੇ ਸ਼ਿਰਕਤ ਕੀਤੀ।



2019 ਜੁਲਾਈ ਵਿੱਚ ਪੰਜਾਬੀ ਸਾਂਝ ਇਕੱਠ ਸਮਾਗਮ ਤੇ ਸਮਾਗਮ ਵਿੱਚ ਸੁੱਖੀ ਬਾਠ ਕੈਨੇਡਾ ਅਤੇ ਅੰਜੂਜੀਤ ਜਰਮਨੀ ਨੇ ਐਵਾਨੇ ਅਮਜ਼ਦ ਵਿਚ ਦਸਤਕ ਦਿੱਤੀ। ਇਸ ਮਿਲਣੀ ਵਿੱਚ ਅਦਬ ਬਾਰੇ ਬਹੁਤ ਹੀ ਮੁੱਲਵਾਨ ਵਿਚਾਰ ਚਰਚਾ ਹੋਈ। 2021 ਅਗਸਤ ਵਿਚ ਇਟਲੀ ਦੇ ਮਾਅਰੁਫ਼ ਸ਼ਾਇਰ ਤੇ ਲੇਖਕ ਦਲਜਿੰਦਰ ਰਹਿਲ ਜਰਮਨੀ ਆਏ ਤੇ ਉਨ੍ਹਾਂ ਨਾਲ ਇੱਕ ਰੂ-ਬ-ਰੂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

**ਅਮਜ਼ਦ ਆਰਫ਼ੀ**
**ਜਰਮਨੀ**

# ਯੂਰਪੀ ਪੰਜਾਬੀ ਸਾਹਿਤ
# (ਸੰਭਾਵਨਾ, ਸਮੱਸਿਆਵਾਂ ਤੇ ਪ੍ਰਾਪਤੀਆਂ)

**ਦਲਜਿੰਦਰ ਰਹਿਲ**



ਪੰਜਾਬੀ ਦੁਨੀਆ ਦੇ ਹਰ ਕੋਨੇ ਵਿੱਚ ਮਿਲਣ ਵਾਲੀ ਕੌਮ ਹੈ। ਜਿਹਨਾਂ ਨੇ ਸਦੀਆਂ ਪਹਿਲਾਂ ਪਰਵਾਸ ਵੱਲ ਨੂੰ ਰੁਖ਼ ਕੀਤਾ। ਜਿਹਨਾਂ ਦੇਸ਼ਾਂ ਵੱਲ ਪੰਜਾਬੀਆਂ ਨੇ ਸਭ ਤੋਂ ਪਹਿਲਾਂ ਰੁਖ ਕੀਤਾ ਉਹਨਾਂ ਵਿੱਚ ਬਰਤਾਨੀਆ, ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਦਾ ਨਾਂ ਸਭ ਤੋਂ ਮੂਹਰੇ ਆਉਂਦਾ ਹੈ। ਪਰ ਯੂਰਪ ਵੱਲ ਪੰਜਾਬੀ ਸ਼ਾਇਦ ਪਹਿਲੀ ਸੰਸਾਰ ਜੰਗ ਸਮੇਂ ਆਏ ਹੋਣਗੇ। ਉਸ ਤੋਂ ਬਾਅਦ ਦੂਜੀ ਸੰਸਾਰ ਜੰਗ ਸਮੇਂ ਅਤੇ ਫਿਰ ਪੰਜਾਬੀਆਂ ਨੇ ਸੱਤਰਵਿਆਂ ਵਿੱਚ ਯੂਰਪ ਵੱਲ ਨੂੰ ਬਤੌਰ ਇੰਮੀਗਰਾਂਟਸ ਰੁਖ਼ ਕੀਤਾ। ਜਰਮਨ ਵਿੱਚ ਅੱਸੀ ਦੇ ਦਹਾਕੇ ਵਿੱਚ ਪੰਜਾਬੀਆਂ ਨੇ ਪੈਰ ਪਸਾਰਨੇ ਸ਼ੁਰੂ ਕੀਤੇ ਜੋ ਕਿ ਨੱਬੇ ਦੇ ਦਹਾਕੇ ਤੱਕ ਪਹੁੰਚਦਿਆਂ ਪਹੁੰਚਦਿਆਂ ਗਿਣਤੀ ਕੁਝ ਵਧਣ ਲੱਗੀ। ਇਸਦੇ ਨਾਲ ਨਾਲ ਪੰਜਾਬੀਆਂ ਦਾ ਰੁਝਾਨ ਬਾਕੀ ਯੂਰਪੀ ਮੁਲਕਾਂ ਜਿਵੇਂ ਫਰਾਂਸ, ਹਾਲੈਂਡ, ਡੈਨਮਾਰਕ, ਨਾਰਵੇ, ਬੈਲਜ਼ੀਅਮ, ਇਟਲੀ, ਸਪੇਨ ਤੇ ਪੁਰਤਗਾਲ ਵੱਲ ਵੀ ਵੱਧਣ ਲੱਗਾ।

ਅੱਸੀ ਤੋਂ ਨੱਬੇ ਤੱਕ ਪੰਜਾਬ ਦੇ ਬਦਲਦੇ ਹਾਲਾਤਾਂ ਕਾਰਨ ਪੰਜਾਬੀ ਖਾਸ ਕਰਕੇ ਸਿੱਖਾਂ ਨੇ ਵੱਡੀ ਗਿਣਤੀ ਵਿੱਚ ਬਾਹਰਲੇ ਮੁਲਕਾਂ ਵੱਲ ਰੁਖ ਕੀਤਾ। ਜਿਸ ਕਰਕੇ ਯੂਰਪ ਨੂੰ ਪੰਜਾਬੀਆਂ ਦੀ ਵੱਡੀ ਗਿਣਤੀ ਨੇ ਆਪਣਾ ਰੈਣ ਬਸੇਰਾ ਬਣਾਇਆ। ਭਾਵੇਂ ਕਿ ਉੱਪਰ ਦੱਸੇ ਮੁਤਾਬਿਕ ਪੰਜਾਬੀਆਂ ਨੇ ਯੂਰਪ ਦੇ ਸਭ ਦੇਸ਼ਾਂ ਵਿੱਚ ਹੀ ਆਪਣਾ ਦਾਖ਼ਲਾ ਕੀਤਾ ਹੈ। ਪਰ ਜਿਨ੍ਹਾਂ ਮੁਲਕਾਂ ਦੇ ਇੰਮੀਗਰੇਸ਼ਨ ਕਾਨੂੰਨ ਕੁਝ ਨਰਮ ਹਨ ਉਹਨਾਂ ਮੁਲਕਾਂ ਵਿੱਚ ਪੰਜਾਬੀਆਂ ਦਾ ਦਾਖਲਾ ਜਿਆਦਾ ਹੋਇਆ ਹੈ। ਇਸੇ ਕਰਕੇ ਗ੍ਰੀਸ,ਇਟਲੀ, ਸਪੇਨ ਤੇ ਪੁਰਤਗਾਲ ਵਿੱਚ ਪੰਜਾਬੀ ਵੱਡੀ ਗਿਣਤੀ ਵਿੱਚ ਆਣ ਵਸੇ । ਇਸਦੇ ਨਾਲ ਨਾਲ ਜਰਮਨ, ਫ਼ਰਾਂਸ, ਬੈਲਜੀਅਮ, ਹਾਲੈਂਡ, ਨਾਰਵੇ, ਡੈਨਮਾਰਕ ਤੇ ਸਵੀਡਨ ਆਦਿ ਵਿੱਚ ਵੀ ਪੰਜਾਬੀਆਂ ਦੀ ਸ਼ਮੂਲੀਅਤ ਕਾਫੀ ਗਿਣਤੀ ਵਿੱਚ ਹੈ।
ਭਾਵੇਂ ਪੰਜਾਬੀਆਂ ਦੀ ਖਾਸੀਅਤ ਹੈ ਕਿ ਉਹ ਜਿੱਥੇ ਵੀ ਜਾਂਦੇ ਹਨ ਆਪਣੇ ਵਿਰਸੇ, ਵਿਰਾਸਤ, ਸਾਹਿਤ ਤੇ ਸੱਭਿਆਚਾਰ ਨੂੰ ਵੀ ਨਾਲ ਰੱਖਦੇ ਹਨ। ਜੋ ਪੰਜਾਬੀਅਤ ਦੀ ਪਹਿਚਾਣ ਦੀ ਪੈਰਵਾਈ ਵੀ ਕਰਦਾ ਹੈ। ਪਰ ਇੰਗਲੈਂਡ ਨੂੰ ਛੱਡ ਕੇ ਬਾਕੀ ਯੂਰਪ ਮੁਲਕਾਂ ਵਿੱਚ ਪੰਜਾਬੀ ਸਾਹਿਤ ਦਾ ਰੁਝਾਨ ਭਾਵੇਂ ਬਹੁਤੇ ਲੰਬੇ ਸਮੇਂ ਤੋਂ ਨਹੀਂ ਫਿਰ ਵੀ ਜਰਮਨ, ਫਰਾਂਸ ਅਤੇ ਇਟਲੀ ਵਿਚ ਇਹ ਕੋਸ਼ਿਸ਼ਾਂ ਜ਼ਰੂਰ ਕੀਤੀਆਂ ਗਈਆਂ, ਜਿਸਦੇ ਚੰਗੇ ਨਤੀਜੇ ਵੀ ਨਿਕਲੇ।

## ਯੂਰਪੀ ਪੰਜਾਬੀ ਸਾਹਿਤ: ਦਲਜਿੰਦਰ ਰਹਿਲ

ਜੇਕਰ ਯੂਰਪ ਵਿੱਚ ਸਾਹਿਤਿਕ ਸਭਾਵਾਂ ਦੀ ਗੱਲ ਕਰਨੀ ਹੋਵੇ ਤਾਂ ਸਾਹਿਤ ਸੁਰ ਸੰਗਮ ਸਭਾ ਇਟਲੀ ਪਿਛਲੇ ਕਈ ਸਾਲ ਤੋਂ ਇਟਲੀ ਵਿੱਚ ਪੰਜਾਬੀ ਬੋਲੀ ਅਤੇ ਸਾਹਿਤ ਪ੍ਰਤੀ ਸਰਗਰਮੀ ਨਾਲ ਕੰਮ ਕਰਨ ਵਾਲੀ ਵਿਸ਼ਵ ਪੱਧਰੀ ਸੰਸਥਾ ਵਜੋਂ ਜਾਣੀ ਜਾਂਦੀ ਹੈ ਜਿਸਦਾ ਸਾਹਿਤਕ ਰੁਝਾਨ ਇਟਲੀ ਸਮੇਤ ਦੂਜੇ ਯੂਰਪੀ ਮੁਲਕਾਂ ਵਿੱਚ ਵੀ ਹੈ। ਜ਼ਿਕਰਯੋਗ ਹੈ ਇਹ ਸੰਸਥਾ ਵਿਸ਼ਵ ਦੀਆਂ ਹੋਰ ਵੱਡੀਆਂ ਸੰਸਥਾਵਾਂ ਜਿਵੇਂ ਕੇ ਪੰਜਾਬ ਭਵਨ ਸਰੀ ਕੈਨੇਡਾ, ਪਰਵਾਸੀ ਸਾਹਿਤ ਅਧਿਐਨ ਕੇਂਦਰ ਲੁਧਿਆਣਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬੀ ਸਾਹਿਤ ਸਭਾ ਸਮਰਾਲਾ, ਯੂਰਪੀ ਪੰਜਾਬੀ ਸੱਥ ਯੂ ਕੇ, ਲੋਕ ਵਿਰਾਸਤ ਅਕਾਦਮੀ ਲੁਧਿਆਣਾ ਸਮੇਤ ਹੋਰ ਵੀ ਸਭਾਵਾਂ ਅਤੇ ਪੰਜਾਬੀ ਸਾਹਿਤ ਦੇ ਸਮਰੱਥ ਤੇ ਸਿਰਮੌਰ ਲੇਖਕਾਂ ਨਾਲ ਮਿਲਕੇ ਕੰਮ ਕਰਦੀ ਹੈ। ਇਸ ਤੋਂ ਇਲਾਵਾ ਜਰਮਨ ਵਿੱਚ ਲਹਿੰਦੇ ਪੰਜਾਬ ਦੀ ਸਾਹਿਤਿਕ ਸੰਸਥਾ ਪੰਜਾਬੀ ਸੰਸਥਾ ਪੰਚਨਾਦ ਵੀ ਆਪਣੇ ਖ਼ੇਤਰ ਵਿੱਚ ਸਲਾਹੁਣਯੋਗ ਕਾਰਜ ਕਰ ਰਹੀ ਹੈ। ਕਿਸੇ ਵੇਲੇ ਮੀਡੀਆ ਪੰਜਾਬ ਅਦਾਰਾ ਜਰਮਨੀ ਨੇ ਵੀ ਸਾਹਿਤਕ ਸਮਾਗਮਾਂ ਦੀ ਲੜੀ ਚਲਾ ਯੂਰਪੀ ਲੇਖਕਾਂ ਨੂੰ ਇੱਕ ਮੰਚ ਤੇ ਇਕੱਤਰ ਕਰਨ ਦਾ ਉਪਰਾਲਾ ਕੀਤਾ ਸੀ। ਪਰ ਹੁਣ ਇਹ ਸੰਸਥਾ ਸਰਗਰਮ ਨਹੀਂ ਹੈ। ਪੰਜਾਬੀ ਲੇਖਕਾਂ ਦੀ ਗਿਣਤੀ ਵਿੱਚ ਭਾਵੇ ਹੁਣ ਯੂਰਪ ਵਿੱਚ ਹਰ ਦਿਨ ਵਾਧਾ ਹੋ ਰਿਹਾ ਹੈ ਪਰ ਨਿਰੰਤਰ ਕਾਰਜਸ਼ੀਲ ਤੇ ਜਾਣੇ ਪਹਿਚਾਣੇ ਲੇਖਕਾਂ ਵਿੱਚ, ਬਲਵਿੰਦਰ ਸਿੰਘ ਚਾਹਲ, ਬਿੰਦਰ ਕੋਲੀਆਂਵਾਲ, ਦਲਜਿੰਦਰ ਰਹਿਲ ਇਟਲੀ, ਮਲਕੀਅਤ ਸਿੰਘ ਧਾਲੀਵਾਲ ਇਟਲੀ, ਨੀਲੂ ਜਰਮਨੀ, ਕੇਹਰ ਸ਼ਰੀਫ ਜਰਮਨੀ, ਅਮਜਦ ਆਰਫੀ ਜਰਮਨੀ, ਅਮਰਜੀਤ ਸਿੱਧੂ ਜਰਮਨੀ, ਪਵਨ ਪ੍ਰਵਾਸੀ , ਗੁਰਪ੍ਰੀਤ ਕੌਰ ਗੈਦੂ ਗਰੀਸ, ਜੀਤ ਸੁਰਜੀਤ ਬੈਲਜ਼ੀਅਮ, ਦੁੱਖ ਭੰਜਨ ਰੰਧਾਵਾ ਪੁਰਤਗਾਲ, ਅੰਜੂਜੀਤ ਸ਼ਰਮਾ ਜਰਮਨੀ, ਸੁਖਬੀਰ ਸੰਧੂ ਫਰਾਂਸ ਆਦਿ ਅਜਿਹੇ ਲੇਖਕ ਹਨ ਜਿਨਹਾਂ ਦੀਆਂ ਛਪ ਚੁੱਕੀਆਂ ਕਿਤਾਬਾਂ ਨੂੰ ਪਾਠਕਾਂ ਅਤੇ ਸਾਹਿਤਕ ਅਦਾਰਿਆਂ ਪਾਸੋਂ ਭਰਵਾਂ ਹੁੰਗਾਰਾ ਵੀ ਮਿਲ਼ਿਆ ਹੈ।

ਪਰ ਇਨ੍ਹਾਂ ਮੁਲਕਾਂ ਵਿੱਚ ਪੰਜਾਬੀ ਬੋਲੀ ਪ੍ਰਤੀ ਅਜੇ ਹੋਰ ਚੇਤਨਤਾ ਪੈਦਾ ਕਰਨ ਦੀ ਜਰੂਰਤ ਹੈ। ਲੋਕਾਂ ਨੂੰ ਇਹ ਅਹਿਸਾਸ ਕਰਵਾਉਣ ਦੀ ਬੇਹੱਦ ਲੋੜ ਹੈ ਜੇਕਰ ਯੂਰਪ ਵਿੱਚ ਰਹਿੰਦਿਆਂ ਅਸੀਂ ਆਪਣੇ ਬੱਚਿਆਂ ਦਾ ਸੰਪਰਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਬਣਾਈ ਰੱਖਣਾ ਹੈ ਤਾਂ ਸਾਨੂੰ ਪੰਜਾਬੀ ਬੋਲੀ ਨੂੰ ਇੱਕ ਧੁਰੇ ਵਜੋਂ ਲੈ ਕੇ ਚੱਲਣਾ ਪਵੇਗਾ। ਕਿਉਂਕਿ ਯੂਰਪ ਦੇ ਹਰ ਮੁਲਕ ਦੀ ਆਪਣੀ ਭਾਸ਼ਾ ਹੈ। ਇਟਲੀ ਵਿੱਚ ਇਟਾਲੀਅਨ ਤੇ ਜਰਮਨ ਵਿੱਚ ਡੱਚ ਸਮੇਤ ਹੋਰ ਵੀ ਯੂਰੋਪੀ ਮੁਲਕਾਂ ਦੀ ਆਪੋ ਅਪਣੀ ਵੱਖਰੀ ਭਾਸ਼ਾ ਹੈ। ਭਾਸ਼ਾਵਾਂ ਅਤੇ ਆਪਸੀ ਤਾਲਮੇਲ ਲਈ ਸਾਨੂੰ ਆਪ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਨਾਲ ਜੁੜੇ ਰਹਿਣਾ ਹੀ ਪਵੇਗਾ। ਇਸਦੇ ਹੋਰ ਵੀ ਕਈ

ਫਾਇਦੇ ਅਤੇ ਪੱਖ ਹਨ। ਜੋ ਸਾਨੂੰ ਆਪਣੇ ਵਿਚਾਰ ਅਧੀਨ ਰੱਖਣ ਦੀ ਜਰੂਰਤ ਹੈ ਜਿਵੇਂ ਕੇ ਪੰਜਾਬੀ ਪੜ੍ਹਨ, ਬੋਲਣ ਤੇ ਲਿਖਣ ਵਾਲੇ ਦੁਨੀਆ ਭਰ ਦੇ ਪੰਜਾਬੀਆਂ ਨਾਲ ਸਿੱਧੇ ਸੰਪਰਕ ਵਿੱਚ ਰਹਿਣਗੇ। ਪੰਜਾਬ ਜਾ ਕੇ ਵੀ ਉਹ ਕਿਸੇ ਤਰ੍ਹਾਂ ਓਪਰਾ ਮਹਿਸੂਸ ਨਹੀਂ ਕਰਨਗੇ। ਬਹੁਗਿਣਤੀ ਸਿੱਖ ਧਰਮ ਨਾਲ ਸੰਬੰਧਤ ਲੋਕਾਂ ਨੂੰ ਇਹ ਗੱਲ ਵੀ ਯਾਦ ਰੱਖਣੀ ਹੋਵੇਗੀ ਕਿ ਜੇਕਰ ਸਾਡੀਆਂ ਆਉਣ ਵਾਲੀਆਂ ਪੀੜੀਆਂ ਪੰਜਾਬੀ ਨਾਲ ਨਹੀਂ ਜੁੜਨਗੀਆਂ ਤਾਂ ਉਹ ਗੁਰੂ ਗਰੰਥ ਸਾਹਿਬ ਨਾਲ ਕਿਵੇਂ ਨਾਤਾ ਜੋੜ ਸਕਣਗੀਆਂ। ਪੰਜਾਬੀ ਗੀਤ ਸੰਗੀਤ ਆਪਣੇ ਆਪ ਵਿੱਚ ਬਹੁਤ ਉੱਘਾ ਸਥਾਨ ਰੱਖਦਾ ਹੈ। ਪੰਜਾਬੀ ਬੋਲੀ ਦੇ ਗਿਆਨ ਤੋਂ ਬਿਨਾਂ ਉਸਨੂੰ ਵੀ ਸਮਝਣਾ ਨਾਮੁਮਕਿਨ ਹੋਵੇਗਾ। ਬੋਲੀ ਨਾਲੋਂ ਦੂਰ ਹੋਣ ਨਾਲ ਬਹੁਤ ਸਾਰੇ ਅਜਿਹੇ ਸ਼ਬਦ ਗੁਆਚ ਜਾਣਗੇ ਜੋ ਸਾਡੀ ਭਾਸ਼ਾ ਦਾ ਅਨਮੋਲ ਖ਼ਜਾਨਾ ਹੈ। ਵਿਰਸੇ ਵਿਰਾਸਤ ਤੇ ਸਾਹਿਤ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਯੂਰੋਪੀ ਮੁਲਕਾਂ ਵਿਚ ਸਾਡਾ ਆਪਸੀ ਤਾਲਮੇਲ, ਭਾਸ਼ਾ ਪ੍ਰਤੀ ਸੁਚੇਤ ਹੋਣਾ ਅਤੇ ਦੂਜੀਆਂ ਯੂਰੋਪੀ ਭਾਸ਼ਾਵਾਂ ਨਾਲ ਤਾਲਮੇਲ ਰੱਖਦਿਆਂ ਪੁਲ ਦੇ ਰੂਪ ਵਿਚ ਵਿਚਰਦਿਆਂ ਅਨੁਵਾਦ ਵਰਗੇ ਕਾਰਜ ਬਹੁਤ ਜਰੂਰੀ ਹਨ। ਤਦ ਹੀ ਇਨਾ ਮੁਲਕਾਂ ਵਿੱਚੋਂ ਪੰਜਾਬੀ ਸਾਹਿਤ ਦੇ ਚੰਗੇ ਹੁੰਗਾਰੇ ਦੀ ਆਸ ਰੱਖੀ ਜਾ ਸਕਦੀ ਹੈ।

ਅੱਜ ਸਮੁੱਚਾ ਪੰਜਾਬੀ ਸੰਸਾਰ ਪੰਜ ਦਰਿਆਵਾਂ ਤੱਕ ਸੀਮਤ ਨਾ ਹੋ ਕੇ ਸਾਗਰਾਂ ਦਾ ਪੰਜਾਬ ਬਣ ਚੁੱਕਾ ਹੈ। ਇਸਦੀਆ ਹੱਦਾਂ ਸਰਹੱਦਾਂ ਸਮੁੱਚੇ ਵਿਸ਼ਵ ਵਿਚ ਫੈਲ ਚੁੱਕੀਆਂ ਹਨ। ਨਵੀਆਂ ਤਕਨੀਕਾਂ ਤੇ ਤੇਜੀ ਨਾਲ ਬਦਲਦੇ ਸਮੀਕਰਨਾਂ ਕਰਕੇ ਹਰ ਚੀਜ਼ ਆਪਣਾ ਰੰਗ ਬੜੀ ਗਤੀ ਨਾਲ ਬਦਲ ਰਹੀ ਹੈ। ਨਵੇਂ ਨਵੇਂ ਸਾਧਨ ਆ ਚੁੱਕੇ ਹਨ, ਅੱਜ ਹਰ ਬੰਦਾ ਸਮਾਰਟ ਫ਼ੋਨ ਦੇ ਜ਼ਰੀਏ ਹਰ ਕਿਸੇ ਦੇ ਸੰਪਰਕ ਵਿੱਚ ਹੈ। ਜਿਸਦੇ ਫਾਇਦੇ ਵੀ ਹਨ ਅਤੇ  ਕਈ ਪੱਖਾਂ ਤੋਂ ਨੁਕਸਾਨ ਵੀ। ਅਜਿਹੇ ਵਰਤਾਰੇ ਵਿੱਚ ਪੰਜਾਬੀ ਨੂੰ ਲੋਕਾਂ ਤੱਕ ਸਹਿਜਤਾ ਨਾਲ ਪਹੁੰਚਾਉਣਾ ਸਮੇਂ ਦੀ ਮੰਗ ਹੈ। ਪਰ ਲੱਗਦਾ ਹੈ ਕਿ ਪੰਜਾਬੀ ਲੋਕ ਆਪਣੀ ਮਾਤ ਭਾਸ਼ਾ ਪ੍ਰਤੀ ਅਜੇ ਵੀ ਅਵੇਸਲੇ ਹਨ। ਯੂਰਪ ਦੀ ਧਰਤੀ ਉੱਪਰ ਰਹਿ ਰਹੇ ਪੰਜਾਬੀਆਂ ਦਾ ਜ਼ਿਕਰ ਕਰਾਂ ਤਾਂ ਇੱਥੇ ਜਾਗਰੂਕਤਾ ਜਰੂਰ ਆਈ ਹੈ ਪਰ ਉਸ ਪੱਧਰ ਤੱਕ ਨਹੀਂ ਜਿੰਨੀ ਹੋਣੀ ਚਾਹੀਦੀ ਹੈ । ਇੱਥੇ ਵੱਖ ਵੱਖ ਮੁਲਕਾਂ ਵਿੱਚ ਸਾਹਿਤ ਪ੍ਰੇਮੀ ਤਾਂ ਕੰਮ ਕਰ ਰਹੇ ਹਨ। ਪਰ ਆਮ ਲੋਕਾਂ ਦੀ ਪਹੁੰਚ ਤੇ ਰੁਚੀ ਸਾਹਿਤ ਤੋਂ ਅਜੇ ਵੀ ਕੋਹਾਂ ਦੂਰ ਹੈ। ਯੂਰਪ ਵਿੱਚ ਪੰਜਾਬੀ ਸਾਹਿਤ ਨੂੰ ਹੋਰ ਉਚਾਈਆਂ ਤੇ ਲਿਜਾਣ ਲਈ ਸਾਹਿਤਕ ਬੈਠਕਾਂ, ਸੈਮੀਨਾਰ, ਕਾਨਫਰੰਸਾਂ, ਸਾਹਿਤਕ ਮਹਿਫਲਾਂ ਦਾ ਆਯੋਜਨ ਕੀਤਾ ਜਾਣਾ ਅਤਿ ਜਰੂਰੀ ਹੈ। ਯੂਰਪ ਵਿੱਚ ਰਹਿ ਰਹੇ ਪੰਜਾਬੀ ਲੇਖਕਾਂ ਨੂੰ ਹੋਰ ਮਿਹਨਤ ਅਤੇ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਉਹਨਾਂ ਨੂੰ ਇੱਥੋਂ ਸਮਾਜਿਕ, ਸੱਭਿਆਚਾਰਕ , ਮਾਨਸਿਕ, ਪਰਿਵਾਰਿਕ, ਕੰਮਕਾਜੀ, ਧਾਰਮਿਕ ਤੇ

ਰਾਜਨੀਤਕ ਮਸਲਿਆਂ ਤੇ ਵੱਧ ਤੋਂ ਵੱਧ ਲਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸਦੇ ਨਾਲ ਪੰਜਾਬੀ ਸਾਹਿਤ ਨੂੰ ਨਵੇਂ ਬੱਚਿਆਂ ਤੱਕ ਕਿਵੇਂ ਪਹੁੰਚਾਉਣਾ ਹੈ ਇਸ ਉੱਪਰ ਵੀ ਵਿਚਾਰ ਕਰਨਾ ਚਾਹੀਦਾ ਹੈ। ਅੱਜ ਦੀ ਤਰੀਕ ਵਿੱਚ ਯੂਰਪ ਦੀ ਧਰਤੀ ‘ਤੇ ਪੰਜਾਬੀ ਆਲੋਚਕਾਂ, ਚਿੰਤਕਾਂ ਤੇ ਬੁੱਧੀਜੀਵੀਆਂ ਦੀ ਬਹੁਤ ਜਰੂਰਤ ਹੈ। ਬਹੁਤ ਘੱਟ ਲੋਕ ਹਨ ਜੋ ਪੰਜਾਬੀ ਸਾਹਿਤ ਪ੍ਰਤੀ ਚਿੰਤਤ ਹੋਣ ਜਾਂ ਇਸ ਉੱਪਰ ਸਹੀ ਤੇ ਢੁੱਕਵੀਂ ਬਹਿਸ ਕਰ ਸਕਣ। ਲਿਖਣ ਵਾਲਿਆਂ ਦੀ ਗਿਣਤੀ ਬੇਸ਼ੱਕ ਅੱਗੇ ਨਾਲੋਂ ਵਧੀ ਹੈ ਪਰ ਇਹ ਹੀ ਕਾਫ਼ੀ ਨਹੀਂ ਹੈ। ਸਾਹਿਤ ਨੂੰ ਲੋਕਾਂ ਤੱਕ ਸਹੀ ਦਿਸ਼ਾ ਰਾਹੀਂ ਪਹੁੰਚਾਉਣ ਲਈ ਸਹੀ ਦਿਸ਼ਾ ਨਿਰਦੇਸ਼ਕਾਂ ਦਾ ਹੋਣਾ ਵੀ ਓਨਾ ਹੀ ਜਰੂਰੀ ਹੈ ਜਿੰਨਾ ਸਾਹਿਤ ਲਿਖਿਆ ਜਾਣਾ। ਇਸ ਦੇ ਨਾਲ ਦੂਜੀਆਂ ਯੂਰਪੀ ਭਾਸ਼ਾਵਾਂ ਅਤੇ ਪੰਜਾਬੀ ਸਾਹਿਤ ਦੇ ਸਾਂਝੇ ਅਨੁਵਾਦਿਕ ਕਾਰਜਾਂ ਦੀ ਬਹੁਤ ਜਰੂਰਤ ਹੈ, ਤਾਂ ਕੇ ਇੱਥੋਂ ਦੇ ਪੰਜਾਬੀ ਲੋਕ ਅਤੇ ਇੱਥੇ ਪਲ ਰਹੀ ਅਗਲੀ ਪੀੜ੍ਹੀ ਅਸਾਨੀ ਨਾਲ ਪੰਜਾਬੀ ਸਾਹਿਤ ,ਸੱਭਿਆਚਾਰ ਅਤੇ ਵਿਰਸੇ ਵਿਰਾਸਤ ਨਾਲ ਜੁੜੀ ਰਹਿ ਕੇ ਸਮੇਂ ਦੀ ਹਾਣੀ ਵੀ ਬਣੇ, ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਵਿਚਾਰਾਂ ਦੀ ਧਾਰਨੀ ਵੀ ਹੋਵੇ।

**ਦਲਜਿੰਦਰ ਰਹਿਲ ਇਟਲੀ**
**00393272244388**
**dal.rahel@gmail.com**



# ਜਰਮਨੀ 'ਚ ਪੰਜਾਬੀ ਦਾ ਸਾਹਿੱਤਕ ਦਾਇਰਾ

## ਕੇਹਰ ਸ਼ਰੀਫ਼


ਕੇਹਰ ਸ਼ਰੀਫ਼

ਕੋਈ ਵੀ ਪਰਵਾਸੀ ਜਦੋਂ ਕਿਸੇ ਪਰਾਈ ਧਰਤੀ 'ਤੇ ਪਹੁੰਚਦਾ ਹੈ ਤਾਂ ਪਿੱਛੇ ਛੱਡੀ ਹੋਈ ਧਰਤੀ ਉਸਨੂੰ ਬਹੁਤ ਯਾਦ ਆਉਂਦੀ ਹੈ। ਨਵੀਂ ਧਰਤੀ 'ਤੇ ਪਹੁੰਚ ਕੇ ਪਹਿਲਾਂ ਤਾਂ ਪੈਰ ਜਮਾਉਣ ਦਾ ਹੀ ਮੁੱਖ ਯਤਨ ਹੁੰਦਾ ਹੈ। ਧਾਰਮਿਕ ਲੋਕ ਮਿਲ ਬੈਠਣ ਵਾਸਤੇ ਧਾਰਮਿਕ ਸਥਾਨ ਉਸਾਰਦੇ ਹਨ। ਆਪਣੀ ਬੋਲੀ, ਸਾਹਿਤ ਤੇ ਸੱਭਿਆਚਾਰ ਨਾਲ ਜੁੜੇ ਜਗਿਆਸੂ ਲੋਕ ਆਪਣਾ ਦਾਇਰਾ ਭਾਲਣ ਲਗਦੇ ਹਨ। ਇਸ ਦਾਇਰੇ ਅੰਦਰ ਬਹੁਤ ਲੋਕ ਜੁੜਦੇ ਵੀ ਨਹੀਂ ਫੇਰ ਵੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਆਪਣੇ ਵਰਗੇ ਲੋਕਾਂ ਨਾਲ ਸੰਪਰਕ ਬਣਾਇਆ ਜਾਵੇ ਤਾਂ ਜੋ ਮਿਲ ਬੈਠ ਕੇ ਸਾਹਿਤ ਸਿਰਜਣਾ ਦਾ ਵੀ ਕੋਈ ਜੁਗਾੜ ਬਣੇ। ਇਨ੍ਹਾਂ ਜਗਿਆਸੂ ਲੋਕਾਂ ਦਾ ਬਹੁਤਾ ਫਿਕਰ ਅਗਲੀ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰੱਖਣ ਦੀ ਕੋਸ਼ਿਸ਼ ਕਰਨਾ ਵੀ ਹੁੰਦਾ ਹੈ ਪਰ ਪਹਿਲੀ ਪੀੜ੍ਹੀ ਦੀ ਸਾਹਿਤ ਸਿਰਜਣਾ ਵੀ ਬਹੁਤੀ ਪਿੱਛਲਝਾਤ ਵਾਲੀ ਹੁੰਦੀ ਹੈ। ਇਸਦਾ ਕਾਰਨ ਵੀ ਹੈ ਕਿ ਨਵੇਂ ਸਮਾਜ ਦੀ ਸੋਝੀ ਵਾਸਤੇ ਵਕਤ ਲੋੜੀਂਦਾ ਹੈ। ਜਦੋਂ ਤੱਕ ਨਵੇਂ ਸਮਾਜ ਦੇ ਸਮਾਜੀ ਤਾਣੇ-ਬਾਣੇ, ਸੱਭਿਆਚਾਰ, ਸਮਾਜੀ ਰਹੁਰੀਤਾਂ ਅਤੇ ਲੋਕਾਂ ਬਾਰੇ ਬਹੁਤਾ ਕੁੱਝ ਪਤਾ ਨਾ ਹੋਵੇ ਉਸ ਬਾਰੇ ਲਿਖ ਸਕਣਾ ਬਹੁਤ ਔਖਾ ਕਾਰਜ ਹੁੰਦਾ ਹੈ।

ਆਧੁਨਿਕ ਤਕਨੀਕ ਨੇ ਸਾਹਿਤਕ ਕਾਰਜਾਂ ਵਾਸਤੇ ਸੌਖ ਤਾਂ ਪੈਦਾ ਕੀਤੀ ਹੈ ਪਰ ਫੇਰ ਵੀ ਪੜ੍ਹਨਾ ਤੇ ਸਿੱਖਣਾ ਖੁਦ ਹੀ ਪੈਂਦਾ ਹੈ। ਪਹਿਲੀਆਂ ਗਲਤੀਆਂ ਵੀ ਕੱਚਘਰੜ ਸਮਝ ਕਰਕੇ ਹੀ ਹੁੰਦੀਆਂ ਹਨ। ਬਾਹਰੋਂ ਆਇਆਂ ਨੂੰ ਸੂਝ-ਸਮਝ ਪੈਦਾ ਕਰਨ ਵਾਸਤੇ ਕਹੀ ਜਾਂਦੀ ਪਰਾਈ ਧਰਤੀ ਨਾਲ ਜੁੜਨਾ ਪੈਂਦਾ ਹੈ, ਇਸ ਨਾਲ ਮੋਹ ਵਾਲਾ ਰਿਸ਼ਤਾ ਕਾਇਮ ਕਰਨਾ ਪੈਂਦਾ ਹੈ। ਇਹ ਰਾਹ ਤਾਂ ਆਪਣੀ ਬੋਲੀ-ਭਾਸ਼ਾ ਦੀ ਸਿਰਜਣਾਤਮਿਕਤਾ 'ਤੇ ਵੀ ਲਾਗੂ ਹੁੰਦਾ ਹੈ। ਜਿਹੜਾ ਵੀ ਕੋਈ ਇਸ ਨੂੰ ਸਮਝੇ ਬਗੈਰ 'ਅਪਣੱਤ' ਦਾ ਪਰਵਚਨ ਸਿਰਜਣਾ ਚਾਹੇਗਾ ਉਸਦਾ ਸਫ਼ਲ ਹੋਣਾ ਸੌਖਾ ਨਹੀਂ ਕਿਹਾ ਜਾ ਸਕਦਾ।

ਜਰਮਨੀ ਅੰਦਰ ਪਿਛਲੇ ਕੁੱਝ ਸਾਲ ਸਾਹਿਤ ਸਿਰਜਣਾ ਦੇ ਸਾਂਝੇ ਯਤਨ ਹੋਏ। ਮਿਲ ਬੈਠਣ ਦੇ ਸਬੱਬ ਵੀ ਬਣੇ। ਖਿਲਰੇ ਹੋਏ ਅਤੇ ਦੂਰ ਦੂਰ ਵੱਸਦੇ ਹੋਣਾ ਵੀ ਅੜਿੱਕੇ ਪੈਦਾ ਕਰਨ ਦਾ ਕਾਰਨ ਬਣਦਾ ਰਿਹਾ। ਸਾਹਿਤਕ ਸਮਾਗਮ ਵੀ ਕੀਤੇ ਗਏ ਪਰ, ਕੋਈ ਸਾਂਝੀ ਸਾਹਿਤਕ ਜਥੇਬੰਦੀ ਨਾ ਬਣ ਸਕੀ ਇਸ ਦਾ ਸਿੱਟਾ ਨਿਕਲਿਆ ਕਿ ਪੰਜਾਬੀ ਸਾਹਿਤ ਦੇ ਪਸਾਰ ਵਾਸਤੇ ਸਾਂਝੇ ਤੌਰ 'ਤੇ ਜੋ ਹੋਣਾ ਚਾਹੀਦਾ ਸੀ ਅਜੇ ਤੱਕ ਉਸ ਦਾ ਆਰੰਭ ਨਹੀਂ ਹੋ ਸਕਿਆ। ਇਹ ਸਾਰਾ ਮਾਹੌਲ ਬਿਨਾਂ ਕਿਸੇ ਕਾਰਨ ਆਪਸੀ

ਰੰਜਿਸ਼ਾਂ ਦਾ ਸ਼ਿਕਾਰ ਵੀ ਹੋ ਗਿਆ। ਸਾਹਿਤ ਤੇ ਸਮਾਜ ਦਾ ਰਿਸ਼ਤਾ ਕਿੰਨਾ ਸੂਖਮ ਤੇ ਜਰੂਰੀ ਹੁੰਦਾ ਹੈ ਇਹ ਸਮਝਣ ਦੇ ਰਾਹੇ ਨਾ ਪਏ। ਪੰਜਾਬੀ ਸਾਹਿਤ ਸਿਰਜਣਾ ਲਈ ਇਕ ਦੂਸਰੇ ਤੋਂ ਸਿੱਖ ਕੇ ਜੋ ਸਿਰਜਿਆ ਜਾ ਸਕਦਾ ਸੀ ਸਾਹਿਤ ਨਾਲ ਜੁੜੇ ਲੋਕ ਉਹ ਸਿਰਜਣੋਂ ਖੁੰਝ ਗਏ। ਪਤਾ ਨਹੀਂ ਉਹ ਮਾਹੌਲ ਮੁੜ ਕੇ ਕਦੋਂ ਬਣੇਗਾ? ਫੇਰ ਵੀ ਜਿੰਨੇ ਕੁ ਇੱਥੇ ਹਨ ਉਹ ਆਪੋ ਆਪਣੀਆਂ ਕੋਸ਼ਿਸ਼ਾਂ ਨਾਲ ਆਪੋ ਆਪਣੇ ਥਾਵੇਂ ਯਤਨਸ਼ੀਲ ਰਹਿੰਦੇ ਹਨ। ਹੋਰ ਮੁਲਕਾਂ ਅੰਦਰ ਵੀ ਇਸ ਦੀ ਚਰਚਾ ਹੁੰਦੀ ਰਹਿੰਦੀ ਹੈ। ਅੱਜ ਜ਼ਰੂਰੀ ਨਹੀਂ ਕਿ ਚੱਲ ਕੇ ਕਿਧਰੇ ਜਾਇਆ ਜਾਵੇ। ਤਕਨੀਕ ਦੀ ਵਰਤੋਂ ਕਰਕੇ ਵੀ ਸਾਂਝਾਂ ਤੇ ਮੁਹੱਬਤਾਂ ਵਾਲਾ ਮਹੌਲ ਸਿਰਜਿਆ ਜਾ ਸਕਦਾ ਹੈ, ਹਾਂ ਉਸ ਵਾਸਤੇ ਹਰ ਕਿਸੇ ਲਈ ਆਪੋ ਆਪਣੀ ਹਓਮੈਂ ਤੋਂ ਮੁਕਤ ਹੋਣਾ ਜ਼ਰੂਰੀ ਹੋਵੇਗਾ। 'ਮਿਠੁਤ ਨੀਵੀਂ ਨਾਨਕਾ ...' ਦੇ ਵਿਚਾਰ ਨਾਲ ਕਲਮਕਾਰ ਵੀ ਸਮਝਦਾਰ ਤੇ ਸਚਿਆਰੇ ਬਣ ਸਕਦੇ ਹਨ।

2006 ਵਿਚ ਜਰਮਨੀ ਦੇ ਸ਼ਹਿਰ ਲਾਈਪਸਿਗ ਵਿਖੇ ਗੁਰਦੀਸ਼ ਪਾਲ ਕੌਰ ਬਾਜਵਾ ਤੇ ਬਲਦੇਵ ਸਿੰਘ ਬਾਜਵਾ ਵੱਲੋਂ 'ਮੀਡੀਆ ਪੰਜਾਬ' ਨਾਂ ਦਾ ਰੋਜ਼ਾਨਾ ਆਨਲਾਈਨ ਪੇਪਰ ਚਾਲੂ ਕੀਤਾ ਗਿਆ ਜੋ ਹੁਣ ਤੱਕ ਵੀ ਬਹੁਤ ਸਾਰੇ ਦੇਸ਼ਾਂ ਅੰਦਰ ਵੱਡੀ ਗਿਣਤੀ ਵਲੋਂ ਪੜ੍ਹਿਆ ਜਾਂਦਾ ਹੈ। 'ਮੀਡੀਆ ਪੰਜਾਬ' ਵਲੋਂ 2009 ਤੋਂ ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਵਾਸਤੇ ਸਾਹਿਤ ਦਾ ਸਾਲਾਨਾ ਜੋੜ ਮੇਲਾ ਸ਼ੁਰੂ ਕੀਤਾ ਗਿਆ। ਪਹਿਲੇ ਸਮਾਗਮ ਵਿਚ ਕੁੱਲ 35 ਕੁ ਸਾਹਿਤਕਾਰਾਂ ਦਾ ਇਕੱਠ ਹੋਇਆ ਸੀ। ਇਸ ਵਿਚ ਪੰਜਾਬੀ ਸੱਥ ਯੂ. ਕੇ. ਤੋਂ ਮੋਤਾ ਸਿੰਘ ਸਰਾਏ ਤੇ ਸਾਥੀਆਂ ਦਾ ਉਤਸ਼ਾਹ ਭਰਪੂਰ ਯੋਗਦਾਨ ਰਿਹਾ। ਹਰ ਸਾਲ ਕਰਾਏ ਜਾਂਦੇ ਇਸ ਸਮਾਗਮ ਨੇ ਜਰਮਨੀ ਅੰਦਰ ਸਾਹਿਤਕ ਮਾਹੌਲ ਸਿਰਜਣ ਵਿਚ ਵੱਡਾ ਹਿੱਸਾ ਪਾਇਆ। ਯੂਰਪੀ ਦੇਸ਼ਾਂ ਤੋਂ ਹੀ ਨਹੀਂ ਭਾਰਤ, ਸਵੀਡਨ, ਅਮਰੀਕਾ, ਕੈਨੇਡਾ ਤੋਂ ਵੀ ਸਾਹਿਤਕਾਰਾਂ ਨੇ ਇਸ ਵਿਚ ਸ਼ਿਰਕਤ ਕੀਤੀ। ਹਰ ਸਾਲ ਸਾਹਿਤ ਸਿਰਜਕਾਂ ਤੇ ਸਰੋਤਿਆਂ ਦੀ ਗਿਣਤੀ ਲਗਾਤਾਰ ਵਧਦੀ ਗਈ। 2015 ਵਾਲੇ ਹੋਏ ਸਮਾਗਮ ਵਿਚ ਸਰੋਤਿਆਂ ਦੀ ਗਿਣਤੀ 300 ਤੋਂ ਵੱਧ ਸੀ। ਇਸ ਦਾ ਆਰਥਿਕ ਭਾਰ ਵੀ ਹਰ ਸਾਲ ਹੀ ਸਿਰਫ਼ ਅਦਾਰਾ 'ਮੀਡੀਆ ਪੰਜਾਬ' ਹੀ ਝੱਲਦਾ ਰਿਹਾ। 2009 ਤੋਂ ਹੀ ਇਨ੍ਹਾਂ ਸਤਰਾਂ ਦਾ ਲੇਖਕ ਵੀ (ਕੇਹਰ ਸ਼ਰੀਫ਼) 'ਮੀਡੀਆ ਪੰਜਾਬ' ਅਦਾਰੇ ਦੇ ਸੰਪਾਦਕੀ ਮੰਡਲ ਨਾਲ ਜੁੜਿਆ ਹੋਇਆ ਹੈ।

ਅਦਾਰਾ'ਮੀਡੀਆ ਪੰਜਾਬ'ਵਲੋਂ 'ਮੀਡੀਆ ਪੰਜਾਬ ਰੇਡੀਉ' ਅਤੇ 'ਮੀਡੀਆ ਪੰਜਾਬ ਟੀ. ਵੀ'', ਵੀ ਚਲਾਏ ਗਏ ਪਰ ਥੋੜਾ ਸਮਾਂ ਚਲਾਉਣ ਤੋਂ ਬਾਅਦ ਕੁੱਝ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਰੇਡੀਉ ਤੇ ਟੀ. ਵੀ. ਬੰਦ ਕਰਨੇ ਪਏ। 'ਪਰਵਾਸ ਦੇ ਰੰਗ' (ਗੁਰਦੀਸ਼ ਪਾਲ ਕੌਰ ਬਾਜਵਾ, ਬਲਦੇਵ ਸਿੰਘ ਬਾਜਵਾ, ਕੇਹਰ

ਸ਼ਰੀਫ਼ ਦੀ ਸਾਂਝੀ ਸੰਪਾਦਨਾ) ਛਾਪੀ, ਅਤੇ ਖਾਸ ਮੌਕਿਆਂ ’ਤੇ ਖਾਸ ਸਾਹਿਤਕ ਕਾਰਜ ਕੀਤੇ, ਜਿਵੇਂ ਕਿ 2012 ਦੇ ਖਾਲਸਾ ਦੇ ਸਾਜਣਾ ਦਿਵਸ ਮੌਕੇ ‘ਵਿਸ਼ੇਸ਼ ਸੋਵੀਨਰ’ ਅਤੇ 2013 ਵਿਚ ਗਦਰ ਪਾਰਟੀ ਦੀ ਸ਼ਤਾਬਦੀ ਨੂੰ ਸਮਰਪਿਤ ‘ਵਿਸ਼ੇਸ਼ ਗਾਥਾ ਗਦਰੀਆਂ ਦੀ’ ਸੋਵੀਨਰ ਛਾਪੇ ਤੇ ਸਮਾਗਮਾਂ ਅੰਦਰ ਵੰਡੇ ਗਏ ਅਤੇ ਬਹੁਤ ਸਾਰੇ ਲੋਕਾਂ ਨੂੰ ਭੇਜੇ। ਜਰਮਨੀ ਵੱਸਦੇ ਲੇਖਕਾਂ ਦੀ ਸਾਂਝੀ ਪੁਸਤਕ ‘ਪਰਵਾਸ ਦੇ ਰੰਗ’ ਅਤੇ ਦੋਹਾਂ ਸੋਵੀਨਰਾਂ ਦੀ ਭਰਪੂਰ ਪ੍ਰਸ਼ੰਸਾ ਵੀ ਹੋਈ।

ਇਨ੍ਹਾਂ ਸਾਹਿਤਕ ਸਾਲਾਨਾ ਸਮਾਗਮਾਂ ਵੇਲੇ ਯੂ. ਕੇ. ਦੀ ‘ਪੰਜਾਬੀ ਸੱਥ’ ਵਲੋਂ ਹਰ ਸਾਲ ਹੀ ਸਰੋਤਿਆਂ ਅੰਦਰ ਵੱਡੀ ਗਿਣਤੀ ਵਿਚ ਪੰਜਾਬੀ ਪੁਸਤਕਾਂ ਵੰਡ ਕੇ ਵੱਡਾ ਯੋਗਦਾਨ ਪਾਇਆ ਗਿਆ। ਸਾਹਿਤਕ ਸਮਾਗਮਾਂ ਅੰਦਰ ਇਹ ਸਿਫ਼ਤੀ ਤਬਦੀਲੀ ਸੀ, ਜਿਸ ਨਾਲ ਪਾਠਕਾਂ ਨੂੰ ਕਿਤਾਬਾਂ ਨਾਲ ਜੋੜਨ ਦਾ ਪ੍ਰਸ਼ੰਸਾਯੋਗ ਯਤਨ ਕੀਤਾ ਗਿਆ। ਇਸ ਤੋਂ ਪਹਿਲਾਂ 2010 ਵਿਚ ਜਰਮਨੀ ਪੰਜਾਬੀ ਸੱਥ ਦੇ ਉਪਰਾਲੇ ਨਾਲ ਜਰਮਨੀ ਅੰਦਰ ਵਸਦੇ ਪੰਜਾਬੀ ਕਵੀਆਂ ਦਾ ਸਾਂਝਾ ਕਾਵਿ ਸੰਗ੍ਰਹਿ ‘ਘਿਉ ਚੂਰੀ ਦੀਆਂ ਬਾਤਾਂ’ ਅੰਜੂਜੀਤ ਸ਼ਰਮਾ ਦੀ ਸੰਪਾਦਨਾ ਹੇਠ ਛਾਪਿਆ ਗਿਆ।

ਜਰਮਨੀ ’ਚ ਪੰਜਾਬੀ ਵਿਚ ਲਿਖਣ ਵਾਲੇ ਬਹੁਤੇ ਨਹੀਂ। ਅੰਜੂਜੀਤ ਸ਼ਰਮਾ (ਹੁਣ-ਅੰਜੂਜੀਤ ਪੰਜਾਬਣ) ਨੇ ਕਵਿਤਾ ਲਿਖੀ ਤੇ 2011 ਵਿਚ ਪਹਿਲਾ ਕਾਵਿ ਸੰਗ੍ਰਹਿ ਛਪਵਾਇਆ ‘ਸੋਚਾਂ ਦੀਆਂ ਪੈੜਾਂ’ ਇਸ ਤੋਂ ਬਾਅਦ ਵੀ ਕਾਵਿ ਸੰਗ੍ਰਹਿ ਛਪਿਆ ਤੇ ਵਾਰਤਕ ਵੱਲ ਵੀ ਹੱਥ ਅਜ਼ਮਾਈ ਕਰਦੀ ਹੈ, ਇਹ ਚਲਨ ਬਹੁਤਾ ਫੇਸਬੁੱਕ ਰਾਹੀਂ ਹੀ ਦੇਖਿਆ ਗਿਆ ਹੈ।

ਅਮਰਜੀਤ ਸਿੱਧੂ ਪਹਿਲਾਂ ਕਵਿਤਾ, ਕਹਾਣੀ ਲਿਖਦਾ ਰਿਹਾ ਫੇਰ ਨਾਵਲ ਵੀ ਲਿਖਿਆ, ਪਰ ਉਹ ਲਗਾਤਾਰ ਲਿਖਣ ਵਾਲਿਆਂ ਵਿਚੋਂ ਹੈ। ਇਸੇ ਤਰ੍ਹਾਂ ਚਰਨਜੀਤ ਕੌਰ ਧਾਲੀਵਾਲ ਨੇ ਕਾਵਿ ਖੇਤਰ ਦੇ ‘ਜੰਗਲੀ ਫੁੱਲ’ ਨਾਂ ਦਾ ਕਾਵਿ ਸੰਗ੍ਰਿਹ ਸੰਪਾਦਤ ਕੀਤਾ। ਚਰਨਜੀਤ ਸੱਭਿਆਚਾਰਕ ਗੀਤਾਂ ਵੱਲ ਵੱਧ ਦਿਲਚਸਪੀ ਰਖਦੀ ਹੈ ਅਤੇ ਉਸ ਦੇ ਕਈ ਗੀਤ ਰੀਕਾਰਡ ਹੋ ਕੇ ਯੂ ਟਿਊਬ ਰਾਹੀਂ ਲੋਕਾਂ ਤੱਕ ਪਹੁੰਚ ਚੁੱਕੇ ਹਨ। ਅਜੇ ਕਈ ਹੋਰ ਗੀਤ ਰੀਕਾਰਡ ਹੋਣ ਵਾਲੇ ਹਨ, ਆਉਂਦੇ ਸਮੇਂ ਵਿਚ ਸਾਫ-ਸੁਥਰੀਆਂ ਸੱਭਿਆਰਕ ਰਚਨਾਵਾਂ ਪੰਜਾਬੀ ਪਿਆਰਿਆਂ ਤੱਕ ਪਹੁੰਚਾਉਣ ਦੀ ਉਹ ਉਡੀਕ ਕਰ ਰਹੀ ਹੈ।

ਨੀਲੂ ਜਰਮਨੀ ਬੌਧਿਕਤਾ ਭਾਵੀ, ਸੰਵੇਦਨਾ ਤੇ ਅਰਥਪੂਰਨ ਕਵਿਤਾ ਲਿਖਣ ਵਾਲੀ ਕਵਿੱਤਰੀ ਹੈ, ਉਸਦਾ ਪਲੇਠਾ ਕਾਵਿ ਸੰਗ੍ਰਿਹ ‘ਬੈਰਾਗ’ ਛਪਿਆ ਹੈ। ਇਸ ਕਾਵਿ ਸੰਗ੍ਰਿਹ ਨੂੰ ਸੁਰਜੀਤ ਪਾਤਰ ਵਰਗੇ ਵੱਡੇ ਕਵੀ ਦਾ ਥਾਪੜਾ ਵੀ ਮਿਲਿਆ ਹੈ।

## ਜਰਮਨੀ ’ਚ ਪੰਜਾਬੀ ਦਾ ਸਾਹਿੱਤਕ ਦਾਇਰਾ: ਕੇਹਰ ਸ਼ਰੀਫ਼

ਉਸ ਦੀ ਕਵਿਤਾ ਪੜ੍ਹ ਕੇ ਪਤਾ ਲਗਦਾ ਹੈ ਕਿ ਉਸਨੂੰ ਕਵਿਤਾ ਦੇ ਬੋਧ ਦਾ ਗਿਆਨ ਹੈ। ਸੰਗੀਤ ਦੀ ਪੜ੍ਹਾਈ ਵਾਲੀ ਨੀਲੂ ਕਵਿਤਾ ਨੂੰ ਸੰਗੀਤ ਦੇ ਹਾਣ ਵਾਲੀ ਬਣਾ ਕੇ ਗਾਉਣ ਯੋਗ ਬਣਾ ਲੈਂਦੀ ਹੈ। ਇਸਦਾ ਇਕ ਹੋਰ ਕਾਰਨ ਕਿ ਨੀਲੂ ਉਸ ਪਿੰਡ ਹਸਨਪੁਰ (ਲੁਧਿਆਣਾ) ਦੀ ਜੰਮਪਲ ਹੈ ਜੋ ਉੱਘੇ ਗੀਤਕਾਰ ਅਤੇ ਫ਼ਿਲਮਸਾਜ਼ ਇੰਦਰਜੀਤ ਹਸਨਪੁਰੀ ਦਾ ਪਿੰਡ ਹੈ।

ਪਵਨ ਪਰਵਾਸੀ ਕਹਾਣੀ ਲਿਖਦਾ ਹੈ ਉਸਦਾ ‘ਹੱਥ-ਹੌਲਾ’ ਨਾਂ ਦਾ ਪਹਿਲਾ ਕਹਾਣੀ ਸੰਗ੍ਰਿਹ ਛਪਿਆ ਹੈ। ਕਵਿਤਾ ਵੱਲ ਵੀ ਹੱਥ ਅਜਮਾਉਂਦਾ ਹੈ। ਪੱਤਰਕਾਰੀ ਦੇ ਖੇਤਰ ਵਿਚ ਵੀ ਵਿਚਰ ਰਿਹਾ ਹੈ। ‘ਪੰਜਾਬੀ ਸਾਂਝ’ ਨਾਮ ਦੀ ਆਨਲਾਈਨ ਅਖ਼ਬਾਰ ਚਲਾਉਂਦਾ ਹੈ, ਉਂਜ ਨਵੀਂ ਤਕਨੀਕ ਵਰਤ ਕੇ ਇਸ ਅਖਬਾਰ ਦੀਆਂ ਖ਼ਬਰਾਂ ਦੇ ਛੋਟੇ ਛੋਟੇ ਬਲਾਗ ਬਣਾ ਕੇ ਫੇਸਬੁੱਕ ਜਾਂ ਫੇਰ ਸੋਸ਼ਲ ਮੀਡੀਆ ਦੇ ਹੋਰ ਗਰੁੱਪਾਂ ਵਿਚ ਸ਼ਾਮਲ ਕਰ ਦਿੰਦਾ ਹੈ, ਨਵੇਂ ਦੌਰ ਦੀ ਨਵੀਂ ਗੱਲ ਸਮਝਦਾ ਹੈ।

ਅਮਨਦੀਪ ਕਾਲਕਟ ਪਹਿਲਾਂ ਹਾਸ ਵਿਅੰਗ ਭਰਪੂਰ ਕਵਿਤਾਵਾਂ ਲਿਖਦਾ ਸੀ। ਹੁਣ ਗੀਤਕਾਰੀ ਵੱਲ ਕਦਮ ਵਧਾ ਰਿਹਾ ਹੈ। ਭਾਰਤ ਵਿਚ ਚੱਲੇ ਕਿਸਾਨ ਸੰਘਰਸ਼ ਦੇ ਦੌਰਾਨ ਗੀਤ ਲਿਖ ਕੇ ਨਿਰਮਲ ਸਿੱਧੂ ਦੀ ਆਵਾਜ਼ ’ਚ ਰੀਕਾਰਡ ਕਰਵਾ ਕੇ ਕਾਫੀ ਪ੍ਰਸ਼ੰਸਾ ਖੱਟ ਚੁੱਕਾ ਹੈ।

ਸੁੱਚਾ ਸਿੰਘ ਬਾਜਵਾ ਕਵਿਤਾ ਲਿਖਦਾ ਹੈ, ਕਾਵਿ ਸੰਗ੍ਰਹਿ ‘ਤੇਰੇ ਨਾਮ’ ਛਪ ਚੁੱਕਾ ਹੈ। ਦਰਅਸਲ ਰੇਡੀਉ ਪੇਸ਼ਕਾਰ ਹੈ, ‘ਪਰਵਾਜ਼’ ਨਾਮ ਦਾ ਆਪਣਾ ਆਨਲਾਈਨ ਰੇਡੀਉ ਜਰਮਨੀ (ਫਰੈਂਕਫਰਟ) ਅਤੇ ਭਾਰਤ (ਬਠਿੰਡਾ) ਤੋਂ ਚਲਾਉਂਦਾ ਹੈ। ਪੰਜਾਬੀ ਦਾ ਪਸਾਰ ਤੇ ਪ੍ਰਚਾਰ ਉਸਦਾ ਮੁੱਖ ਮਕਸਦ ਹੈ। ਸੁੱਚਾ ਸਿੰਘ ਦੇ ਦੱਸਣ ਅਨੁਸਾਰ ਲਹਿੰਦੇ ਪੰਜਾਬ ਵਿਚ ਵੀ ਇਸ ਰੇਡੀਉ ਦੇ ਕਾਫੀ ਸਰੋਤੇ ਹਨ, ਜੋ ਵੱਖ ਵੱਖ ਪੇਸ਼ਕਾਰੀਆਂ ਵਿਚ ਹਿੱਸਾ ਵੀ ਲੈਂਦੇ ਹਨ।

ਇਨ੍ਹਾਂ ਸਤਰਾਂ ਦਾ ਲੇਖਕ (ਕੇਹਰ ਸ਼ਰੀਫ਼) ਵਾਰਤਕ ਲੇਖਕ ਹੈ, ਕਵਿਤਾ ਵੀ ਲਿਖਦਾ ਹੈ। ਵਾਰਤਕ ਦੀ ਪੁਸਤਕ ‘ਸਮੇਂ ਨਾਲ ਸੰਵਾਦ’ 2008 ਵਿਚ ਛਪੀ, ਕੁੱਝ ਕਿਤਾਬਾਂ ਸੰਪਾਦਤ ਕੀਤੀਆਂ, ਕਈ ਕਿਤਾਬਾਂ ਵਿਚ ਲਿਖਤਾਂ ਦੀ ਸਾਂਝੀਦਾਰੀ ਹੈ। ਉਸ ਤੋਂ ਬਾਅਦ ਜੋ ਲਿਖਿਆ ਸਭ ਛਪਣ ਵਾਸਤੇ ਪਿਆ ਹੈ, ਵਾਰਤਕ, ਕਵਿਤਾ, ਅਨੁਵਾਦ। ਵਿਹਲ ਦੇ ਸਮੇਂ ਵੱਖੋ ਵੱਖ ਵਿਸ਼ਿਆਂ ਬਾਰੇ ਪੜ੍ਹਨਾ ਅਤੇ ਵੱਖੋ ਵੱਖ ਅਖ਼ਬਾਰਾਂ ਵਾਸਤੇ ਵਰਤਮਾਨ ਸਿਆਸਤ, ਸਾਹਿਤ ਅਤੇ ਸੱਭਿਆਚਾਰ ਬਾਰੇ ਲੇਖੇ ਟਿੱਪਣੀਆਂ ਲਿਖਣੇ ਚੰਗਾ ਕਾਰਜ ਲਗਦਾ ਹੈ। ਬਾਕੀ ਕੰਮ ਸੋਸ਼ਲ ਮੀਡੀਆ ਰਾਹੀਂ ਨਜਿੱਠ ਲਿਆ ਜਾਂਦਾ ਹੈ।

**ਕੇਹਰ ਸ਼ਰੀਫ਼, ਜਰਮਨੀ**

# ਇਟਲੀ ਦੇ ਪੰਜਾਬੀ ਲੇਖਕ

**ਦਲਜਿੰਦਰ ਰਹਿਲ**



ਦਲਜਿੰਦਰ ਰਹਿਲ ਇਟਲੀ ਵੱਸਦਾ ਪੰਜਾਬੀ ਕਾਵਿ ਖੇਤਰ ਵਿੱਚ ਨਿਵੇਕਲਾ ਨਾਂ ਹੈ। ਆਪਣੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਅਤੇ ਬਹੁਤ ਹੀ ਰੁੱਝੇ ਸਮਾਜ ਵਿੱਚ ਰਹਿੰਦਿਆਂ ਵੀ ਉਸ ਨੇ ਸੱਚੇ ਸੁੱਚੇ ਸ਼ਬਦਾਂ ਨਾਲ, ਕਵਿਤਾ ਨਾਲ ਬੜਾ ਹੀ ਖ਼ੂਬਸੂਰਤ ਰਿਸ਼ਤਾ ਜੋੜਿਆ ਹੋਇਆ ਹੈ।

ਸਾਹਿਤ ਅਤੇ ਸ਼ਬਦਾਂ ਦੇ ਸਾਥ ਰਾਹੀਂ ਜ਼ਿੰਦਗੀ ਦੇ ਹਰ ਬਿਖੜੇ ਪੈਂਡੇ ਤੇ ਸਾਬਤ ਕਦਮੀ ਤੁਰਨ ਵਾਲਾ ਇਟਲੀ ਦੇ ਸ਼ਹਿਰ ਮਿਲਾਨ ਵੱਸਦਾ ਪੰਜਾਬੀ ਕਵੀ ਦਲਜਿੰਦਰ ਰਹਿਲ ਯੂਰਪੀਅਨ ਦੇਸ਼ਾਂ ਵਿੱਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਵਾਲੇ ਲੇਖਕਾਂ ਵਿਚ ਖ਼ਾਸ ਥਾਂ ਰੱਖਦਾ ਹੈ। 2016 'ਚ ਅਪਣੇ ਪਲੇਠੇ ਕਾਵਿ ਸੰਗ੍ਰਹਿ 'ਸ਼ਬਦਾਂ ਦੀ ਢਾਲ' ਰਾਹੀਂ ਉਸਨੇ ਸਾਹਿੱਤਕ ਜਗਤ ਵਿੱਚ ਪਰਵੇਸ਼ ਕੀਤਾ। ਵਿਸ਼ਵ ਦੀਆਂ ਵੱਡੀਆਂ ਸੰਸਥਾਵਾਂ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਜੀ. ਜੀ. ਐਨ ਖ਼ਾਲਸਾ ਕਾਲਜ, ਲੁਧਿਆਣਾ, ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ, ਸਾਹਿਤ ਸੁਰ ਸੰਗਮ ਸਭਾ ਇਟਲੀ, ਪੰਜਾਬ ਭਵਨ ਸਰੀ ਕੈਨੇਡਾ, ਪਰਵਾਸੀ ਸਾਹਿਤ ਅਧਿਐਨ ਕੇਂਦਰ ਜੀ. ਜੀ. ਐਨ. ਖ਼ਾਲਸਾ ਕਾਲਜ ਲੁਧਿਆਣਾ ਅਤੇ ਯੂਰਪੀ ਪੰਜਾਬੀ ਸੱਥ ਯੂ ਕੇ ਨਾਲ ਸਰਗਰਮ ਰਿਸ਼ਤਾ ਉਸਦੇ ਮਾਣ ਅਤੇ ਜ਼ੁੰਮੇਵਾਰੀ ਨੂੰ ਹੋਰ ਵੀ ਵੱਡਾ ਕਰਦਾ ਹੈ

**ਇਟਲੀ**
**00393272244388**
**dal.rahel@gmail.com**

**ਬਿੰਦਰ ਕੋਲੀਆਂ ਵਾਲ**



ਕਪੂਰਥਲੇ ਦੇ ਪਿੰਡ ਕੋਲੀਆਂ ਵਾਲ ਦੇ ਜੰਮਪਲ ਬਿੰਦਰ ਕੋਲੀਆਂ ਵਾਲ 1993 ਵਿੱਚ ਰੋਜ਼ੀ ਰੋਟੀ ਦੀ ਭਾਲ ਵਿੱਚ ਅਰਬ ਦੇ ਇੱਕ ਮੁਲਕ ਬਹਿਰੀਨ ਵਿੱਚ ਗਏ ਅਤੇ ਉੱਥੇ ਸਾਢੇ ਤਿੰਨ ਸਾਲ ਕੰਮ ਕਰਨ ਤੋਂ ਬਾਅਦ ਜਰਮਨ ਚਲਾ ਗਿਆ। ਬਹਿਰੀਨ ਵਿੱਚ ਨਾਲ ਕੰਮ ਕਰਦੇ ਇੱਕ ਪਾਕਿਸਤਾਨੀ ਬਜ਼ੁਰਗ ਨੇ ਉਸਨੂੰ ਸਾਹਿਤ ਦੇ ਲੜ ਲਾਇਆ। ਬਹਿਰੀਨ ਰਹਿੰਦੇ ਉਸ ਨੇ ਬਾਰਾਂ ਕੁ ਗੀਤ ਲਿਖੇ ਪਰ ਜਰਮਨ ਪਹੁੰਚ ਕੇ ਉਹ ਸਾਹਿਤ ਨਾਲੋਂ ਫਿਰ ਟੁੱਟ ਗਏ। 2002 ਵਿੱਚ ਉਹ ਇਟਲੀ ਚਲਾ ਗਿਆ ਤੇ 2005 ਵਿੱਚ ਉਸਦੇ ਗੀਤ ਰਿਕਾਰਡ

ਹੋਣੇ ਸ਼ੁਰੂ ਹੋਏ। ਹੁਣ ਤੱਕ ਉਸ ਦੇ 45 ਗੀਤਾ ਨੂੰ ਵੱਖ-ਵੱਖ ਗਾਇਕਾਂ ਨੇ ਆਵਾਜ਼ ਦਿੱਤੀ ਹੈ। ਇਟਲੀ ਵਿੱਚ ਜਦੋਂ ਸਾਹਿਤ ਸੁਰ ਸੰਗਮ ਸਭਾ (ਇਟਲੀ) ਨਾਲ ਤਾਂ ਉਨ੍ਹਾਂ ਨੇ ਦੋ ਕਾਵਿ ਸੰਗ੍ਰਹਿ 'ਸੋਚ ਮੇਰੀ' ਅਤੇ 'ਅਧੂਰਾ ਸਫ਼ਰ' ਪ੍ਰਕਾਸ਼ਿਤ ਕਰਵਾਏ। ਇਸ ਤੋਂ ਇਲਾਵਾ ਹੁਣ ਤੱਕ ਚਾਰ ਨਾਵਲ 'ਅਣਪਛਾਤੇ ਰਾਹਾਂ ਦੇ ਪਾਂਧੀ', 'ਲਾਲ ਪਾਣੀ ਛੱਪੜਾਂ ਦੇ', 'ਉਸ ਪਾਰ ਜ਼ਿੰਦਗੀ' ਅਤੇ 'ਤਾਲਾਬੰਦੀ ਦੀ ਦਾਸਤਾਨ' (ਲੌਕਡਾਊਨ-ਕੋਵਿਡ 19) ਪ੍ਰਕਾਸ਼ਿਤ ਹੋਏ। ਇਹਨਾਂ ਨਾਵਲਾਂ ਸਦਕਾ ਹੀ ਉਨ੍ਹਾਂ ਨੂੰ ਇਟਲੀ ਵਿੱਚ ਪਹਿਲਾ ਨਾਵਲਕਾਰ ਹੋਣ ਦਾ ਮਾਣ ਮਿਲਿਆ। ਇਨ੍ਹਾਂ ਅਗਲਾ ਨਾਵਲ 'ਬੁੱਢੇ ਬੋਹੜ ਦੀਆਂ ਜੜ੍ਹਾਂ' ਬਹੁਤ ਜਲਦੀ ਹੀ ਪਾਠਕਾਂ ਸਨਮੁੱਖ ਪੇਸ਼ ਹੋਵੇਗਾ।

**ਵਿਸੈਂਜਾ, ਇਟਲੀ**
**+393279435236**

**ਰਾਣਾ ਅਠੌਲਾ**



ਰਾਣਾ ਅਠੌਲਾ ਸਾਹਿਤ ਸੁਰ ਸੰਗਮ ਸਭਾ ਇਟਲੀ ਦਾ ਉਪ ਪ੍ਰਧਾਨ ਹੈ ਜਿਸਦਾ ਜਨਮ ਜਲੰਧਰ ਕਪੂਰਥਲਾ ਸੜਕ ਤੋਂ ਚਾਰ ਕੁ ਕਿਲੋਮੀਟਰ ਹਟਵੇਂ ਮਸ਼ਹੂਰ ਪਿੰਡ ਅਠੌਲਾ ਵਿੱਚ ਹੋਇਆ। ਰਾਣਾ ਅਠੌਲਾ ਦੀ ਮੁੱਢਲੀ ਪੜ੍ਹਾਈ ਮੈਟ੍ਰਿਕ ਤੱਕ ਪਿੰਡ ਦੇ ਸਕੂਲ ਤੋਂ ਹੋਈ ਤੇ ਫਿਰ ਬਾਕੀ ਦੀ ਪੜਾਈ ਉਸਨੇ ਕਪੂਰਥਲਾ ਅਤੇ ਜਲੰਧਰ ਦੇ ਕਾਲਜਾਂ ਤੋਂ ਪੂਰੀ ਕੀਤੀ। ਉਸਦੇ ਦੱਸਣ ਅਨੁਸਾਰ ਲਿਖਣ ਦੀ ਚੇਟਕ ਸਕੂਲ ਸਮੇਂ ਤੋਂ ਹੀ ਪੈ ਗਈ ਸੀ ਜਿਸ ਨੂੰ ਹੁਣ ਤੱਕ ਰਾਣਾ ਅਠੌਲਾ ਨੇ ਬੜੀ ਸੰਜੀਦਗੀ ਨਾਲ ਜਾਰੀ ਰੱਖਿਆ ਹੋਇਆ ਹੈ। ਉਹ ਮਿੰਨੀ ਕਹਾਣੀ ਵੀ ਲਿਖ ਲੈਂਦਾ ਹੈ। ਪਰ ਉਸਦਾ ਜ਼ਿਆਦਾ ਰੁਝਾਨ ਗੀਤਾਂ ਵੱਲ ਹੈ। ਉਸਦੇ ਅਨੇਕਾਂ ਗੀਤਾਂ ਵੱਖ ਵੱਖ ਗਾਇਕਾਂ ਦੀ ਆਵਾਜ ਵਿੱਚ ਰਿਕਾਰਡ ਹੋ ਚੁੱਕੇ ਹਨ। ਉਸਦੇ ਗੀਤਾਂ ਦੇ ਵਿਸ਼ੇ ਪਰਿਵਾਰਕ, ਪੰਜਾਬ, ਪੰਜਾਬੀਅਤ, ਸਮਾਜਿਕ, ਧਾਰਮਿਕ ਤੇ ਰਾਜਨੀਤਕ ਮਸਲਿਆਂ ਦੀ ਗੱਲ ਕਰਨ ਵਾਲੇ ਹੁੰਦੇ ਹਨ। ਲੱਚਰ ਗੀਤਕਾਰੀ ਤੇ ਗਾਇਕੀ ਰਾਣਾ ਅਠੌਲਾ ਤੋਂ ਕੋਹਾਂ ਦੂਰ ਹੈ। ਉਹ ਇੱਕ ਸੁਹਿਰਦ ਇਨਸਾਨ ਹੋਣ ਦੇ ਨਾਲ ਨਾਲ ਜ਼ਿੰਮੇਵਾਰ ਗੀਤਕਾਰ ਹੈ। ਜੋ ਸਮਾਜ ਪ੍ਰਤੀ ਆਪਣੀ ਕਲਮ ਨੂੰ ਸਮਰਪਿਤ ਕਰਕੇ ਲਿਖਦਾ ਹੈ। ਉਸਦੀਆਂ ਰਚਨਾਵਾਂ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਛਪੇ ਹੋਏ ਸਭ ਕਾਵਿ ਸੰਗ੍ਰਹਿਾਂ ਵਿੱਚ ਛਪ ਚੁੱਕੀਆਂ ਹਨ। ਉਹ ਇੱਕ ਚੰਗਾ ਗੀਤਕਾਰ ਹੋਣ ਦੇ ਨਾਲ ਨਾਲ ਬਹੁਤ ਵਧੀਆ ਇਨਸਾਨ ਵੀ ਹੈ। ਅੱਜਕੱਲ ਰਾਣਾ ਇਟਲੀ ਦੇ ਬਰੇਸ਼ੀਆ ਜ਼ਿਲੇ ਵਿੱਚ ਪਰਿਵਾਰ ਸਮੇਤ ਰਹਿ ਰਿਹਾ ਹੈ।

**ਇਟਲੀ**
**0039 324 809 1188**

## ਮਲਕੀਅਤ ਸਿੰਘ ਧਾਲੀਵਾਲ



ਮਲਕੀਅਤ ਸਿੰਘ ਧਾਲੀਵਾਲ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਮੌਜੂਦਾ ਸਰਪ੍ਰਸਤ ਹਨ। ਆਪ ਜੀ ਇਟਲੀ ਦੇ ਕਰੇਮੋਨਾ ਜ਼ਿਲੇ ਵਿੱਚ 1987 ਤੋਂ ਰਹਿ ਰਹੇ ਹਨ। ਇਟਲੀ ਤੋਂ ਪਹਿਲਾਂ 5 ਸਾਲ ਉਹ ਲਿਬਨਾਨ ਵਿੱਚ ਵੀ ਰਹੇ। ਜਿੱਥੋਂ ਆਪ ਇਟਲੀ ਵਿੱਚ ਆ ਕੇ ਰਹਿਣ ਲੱਗੇ। ਮਲਕੀਅਤ ਸਿੰਘ ਧਾਲੀਵਾਲ ਸਾਦੇ ਸੁਭਾਅ ਦੇ ਮਾਲਕ ਮਿੱਠ ਬੋਲੜੇ ਹਰ ਲੋੜਵੰਦ ਦੀ ਮਦਦ ਕਰਨ ਵਾਲੀ ਸ਼ਖਸੀਅਤ ਵਜੋਂ ਜਾਣੇ ਜਾਂਦੇ ਹਨ। ਆਪ ਦਾ ਕਾਵਿ ਸੰਗ੍ਰਹਿ **'ਬੁੱਤ ਦੀ ਪੁਕਾਰ'** ਛਪ ਚੁੱਕਾ ਹੈ ਅਤੇ ਇੱਕ ਹੋਰ ਕਾਵਿ ਸੰਗ੍ਰਹਿ ਛਪਣ ਲਈ ਤਿਆਰ ਹੈ। ਇਹ ਵੀ ਜ਼ਿਕਰਯੋਗ ਹੈ ਕਿ ਆਪ ਦਾ ਪੁੱਤਰ ਰਾਜੂ ਹਠੂਰੀਆ ਵੀ ਮਾਂ ਬੋਲੀ ਪੰਜਾਬੀ ਦੀ ਸੇਵਾ ਲਈ ਇਟਲੀ ਵਿੱਚ ਸਰਗਰਮ ਹੈ।

**ਇਟਲੀ**

**0039 344 209 8366**

## ਸਿੱਕੀ ਝੱਜੀ ਪਿੰਡ ਵਾਲਾ



ਗੀਤਕਾਰ ਸਿੱਕੀ ਝੱਜੀ ਪਿੰਡ ਵਾਲੇ ਦਾ ਜਨਮ 1984 ਨੂੰ ਪਿਤਾ ਸ. ਗੁਰਮੀਤ ਸਿੰਘ ਮਾਤਾ ਸੰਤੋਸ਼ ਕੌਰ ਦੇ ਘਰ ਹੁਸ਼ਿਆਰਪੁਰ ਦੇ ਕਸਬੇ ਟਾਂਡਾ ਉੜਮੁੜ 'ਚ ਹੋਇਆ। ਗੀਤਕਾਰ ਹਰਵਿੰਦਰ ਉਹੜਪੁਰੀ ਨੂੰ ਉਸਨੇ ਉਸਤਾਦ ਧਾਰਿਆ। ਉਸ ਦੀਆਂ ਕਵਿਤਾਵਾਂ 2002 ਵਿੱਚ ਅਖ਼ਬਾਰ 'ਚ ਛਪਣੀਆਂ ਸ਼ੁਰੂ ਹੋਈਆਂ। ਬਾਰਾਂ ਕੁ ਵਰ੍ਹੇ ਪਹਿਲਾਂ ਯੂਰਪ ਦੇ (ਇਟਲੀ ) ਦੇਸ਼ ਰੁਜਗਾਰ ਦੀ ਭਾਲ 'ਚ ਆ ਵਸੇ ਸਿੱਕੀ ਨੇ ਆਪਣੀਆਂ ਸੱਭਿਆਚਾਰਕ ਗਤਿਵਿਧੀਆਂ ਇੱਥੇ ਆ ਕੇ ਵੀ ਜਾਰੀ ਰੱਖੀਆਂ। ਸਾਹਿਤ ਸੁਰ ਸੰਗਮ ਸਭਾ (ਇਟਲੀ) ਨਾਲ ਲੰਮੇ ਸਮੇਂ ਤੋਂ ਜੁੜੇ ਸਿੱਕੀ ਨੇ ਯੂਰਪ ਵਿੱਚ ਵੀ ਆਪਣੀ ਵੱਖਰੀ ਪਹਿਚਾਣ ਬਣਾਈ। ਉਸ ਤੋਂ ਬਾਅਦ ਲਗਾਤਾਰ ਬਹੁਤ ਸਾਰੇ ਕਲਾਕਾਰਾਂ ਦੀ ਅਵਾਜ 'ਚ ਗੀਤ ਵੀ ਰਿਕਾਰਡ ਹੋਏ। ਪੰਜਾਬ ਦੀ ਨਾਮਵਾਰ ਗਾਇਕਾ ਸੁਦੇਸ਼ ਕੁਮਾਰੀ, ਹਰਜਿੰਦਰ ਭੁੱਲਰ, ਜੀਤਾ ਗਿੱਲ ਯੂ. ਐਸ. ਏ., ਗਾਇਕ ਬਬਲਾ ਧੂਰੀ ਵਲੋਂ ਗਾਏ ਗੀਤ ਬਿੱਲੇ ਨੈਣ, ਅਤੇ ਨਸ਼ਿਆਂ ਚ ਰੁਲ ਰਹੀ ਪੰਜਾਬ ਦੀ ਜਵਾਨੀ ਤੇ ਅਧਾਰਿਤ ਗੀਤ (ਛੇਵਾਂ ਦਰਿਆ) ਜਿਸ ਨੂੰ ਵਿਸ਼ਵ ਭਰ ਦੇ ਪੰਜਾਬੀ ਸਰੋਤਿਆਂ ਨੇ ਖੂਬ ਪਸੰਦ ਕੀਤਾ। ਲੋਕ ਤੱਥ

'ਨਹੀਂਓ ਉੱਚਾ ਬੋਲੀਦਾ' ਨਾਲ ਸਿੱਕੀ ਝੱਜੀ ਪਿੰਡ ਵਾਲਾ ਇੱਕ ਵਾਰੀ ਫਿਰ ਕਾਮਯਾਬੀ ਦੀਆਂ ਸਿਖਰਾਂ ਛੂਹ ਰਿਹਾ ਹੈ। ਮਾਂ ਬੋਲੀ ਪੰਜਾਬੀ ਦੀ ਝੋਲੀ ਸਾਫ ਸੁਥਰੇ ਗੀਤ ਪਾਉਣ ਵਾਲੇ ਗੀਤਕਾਰ ਸਿੱਕੀ ਝੱਜੀ ਪਿੰਡ ਵਾਲਾ ਨੂੰ ਪੰਜਾਬ ਯੂਥ ਕਲੱਬ ਸ਼ੌਂਕੀ ਮੇਲਾ ਕਮੇਟੀ, ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਪੰਜਾਬ ਭਵਨ ਕਨੇਡਾ (ਸਰੀ ) 2019 ਦੇ ਤੀਸਰੇ ਸਲਾਨਾ ਸਮਾਗਮ ਵਿੱਚ ਅਤੇ ਇਟਲੀ ਦੇ ਪੰਜਾਬੀਆਂ ਵਲੋਂ ਦੀਵਾਲੀ ਮੇਲਾ 2021 ਤੇ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

**ਰੇਜਿਓ ਨੇਲ ਏਮਿਲਿਆ, ਇਟਲੀ**
**+393281381513**

**ਪ੍ਰੋ. ਜਸਪਾਲ ਸਿੰਘ**



ਪ੍ਰੋ ਜਸਪਾਲ ਸਿੰਘ ਇਟਲੀ ਦੇ ਸਾਹਿਤਕ ਹਲਕਿਆਂ ਵਿੱਚ ਜਾਣਿਆ ਪਹਿਚਾਣਿਆਂ ਨਾਂ ਹੈ। ਪ੍ਰੋ ਜਸਪਾਲ ਸਿੰਘ ਪੰਜਾਬੀ ਤੋਂ ਇਤਾਲਵੀ ਤੇ ਇਤਾਲਵੀ ਤੋਂ ਪੰਜਾਬੀ ਵਿੱਚ ਅਨੁਵਾਦ ਦਾ ਕਾਰਜ ਬੜੀ ਮਿਹਨਤ ਨਾਲ ਕਰ ਰਹੇ ਹਨ। ਇਹਨਾਂ ਨੇ ਪਿਛਲੇ ਸਮੇਂ ਵਿੱਚ ਕੀਤੇ ਗਏ ਪੰਜਾਬੀ ਤੇ ਇਤਾਲਵੀ ਭਾਸ਼ਾ ਦਾ ਸਾਂਝੇ ਸਾਹਿਤਕ ਸਮਾਗਮ ਵਿੱਚ ਸ਼ਾਮਲ ਕਵਿਤਾਵਾਂ ਦੇ ਅਨੁਵਾਦ ਨਾਲ ਚਾਰੋਂ ਪਾਸੇ ਵਾਹ ਵਾਹ ਲਈ। ਉਹਨਾਂ ਦਾ ਆਉਣ ਵਾਲਾ ਪ੍ਰਾਜੈਕਟ ਬਲਵਿੰਦਰ ਸਿੰਘ ਚਾਹਲ ਦੀ ਪੁਸਤਕ 'ਇਟਲੀ ਵਿੱਚ ਸਿੱਖ ਫੌਜੀ' ਕਿਤਾਬ ਦਾ ਅਨੁਵਾਦ ਹੈ, ਜੋ ਪਾਰਮਾ ਯੂਨੀਵਰਸਿਟੀ ਦੇ ਪ੍ਰੋ ਸਾਂਦਰੋ ਮਾਰਾ ਨਾਲ ਰਲ ਕੇ ਕਰ ਰਹੇ ਹਨ। ਪ੍ਰੋ ਜਸਪਾਲ ਸਿੰਘ ਸਾਹਿਤ ਸੁਰ ਸੰਗਮ ਸਭਾ ਇਟਲੀ ਨਾਲ ਪਿਛਲੇ ਕਈ ਸਾਲਾਂ ਤੋਂ ਜੁੜੇ ਹੋਏ ਹਨ।

**ਇਟਲੀ**
**0039 389 984 7504**




**ਨਿਰਵੈਲ ਸਿੰਘ ਢਿੱਲੋਂ ਤਾਸ਼ਪੁਰੀ**

ਜਿਲ੍ਹਾ ਕਪੂਰਥਲਾ ਤਹਿਸੀਲ ਸੁਲਤਾਨਪੁਰ ਲੋਧੀ ਦੇ ਪਿੰਡ ਤਾਸ਼ ਪੁਰ ਦਾ ਜੰਮਪਲ ਨਿਰਵੈਲ ਸਿੰਘ ਢਿੱਲੋਂ ਰੋਜ਼ੀ ਰੋਟੀ ਦੀ ਖਾਤਰ ਯੂਕਰੇਨ ਕੀਵ ਚਲੇ ਗਏ ਅਤੇ ਉੱਥੋਂ ਬਿਲਾਰੂਸ, ਲਿਤਵੀਆਂ, ਪੋਲੈਂਡ ਤੋਂ ਹੁੰਦੇ ਹੋਏ ਜਰਮਨ ਤੇ ਫਿਰ ਤਿੰਨ ਸਾਲ ਬਾਅਦ

ਜਰਮਨ ਤੋਂ ਇਟਲੀ ਆ ਗਏ। ਮੁਢਲੇ ਸੰਘਰਸ਼ ਦੇ ਸਮੇਂ ਉਸਨੂੰ ਅਸਟਰੀਆ ਵਿਚ ਚਾਰ ਮਹੀਨਿਆਂ ਦੀ ਜੇਲ੍ਹ ਵੀ ਕੱਟਣੀ ਪਈ ਅਸਟਰੀਆ ਦੀ ਜੇਲ੍ਹ ਨੇ ਉਸਨੂੰ ਗੀਤ ਲਿਖਣ ਲਾ ਦਿੱਤਾ। ਉਸਦਾ ਪਹਿਲਾਂ ਗੀਤ 'ਧੀਆਂ' ਟਾਈਟਲ ਹੇਠ 2015-16 ਨੂੰ ਰੀਕਾਰਡ ਹੋਇਆ ਸੀ ਜਿਸ ਨੂੰ ਸਿੱਧੂ ਸਤਨਾਮ ਨੇ ਬਹੁਤ ਵਧੀਆ ਅਵਾਜ਼ ਦੇ ਨਾਲ ਰੀਕਾਰਡ ਕਰਵਾਇਆ ਅਤੇ ਉਸ ਤੋਂ ਬਾਅਦ ਬਹੁਤ ਸਾਰੇ ਗਾਇਕਾਂ ਨੇ ਨਿਰਵੈਲ ਸਿੰਘ ਦੇ ਸ਼ਬਦਾਂ ਨੂੰ ਆਵਾਜ਼ ਦਿੱਤੀ। ਸਾਹਿਤ ਸੁਰ ਸੰਗਮ ਸਭਾ (ਇਟਲੀ) ਵੱਲੋਂ ਪ੍ਰਕਾਸ਼ਿਤ ਸਾਂਝਾ ਕਾਵਿ, ਕਹਾਣੀ ਸੰਗ੍ਰਹਿ 'ਸਾਂਝੀਆਂ ਪੈੜਾਂ' ਵਿਚ ਅਤੇ ਇਕ ਹੋਰ ਸਾਂਝੇ ਕਾਵਿ ਸੰਗ੍ਰਹਿ 'ਸਿਰਜਕ' ਵਿੱਚ ਵੀ ਉਸ ਦੀਆਂ ਪੰਜ ਰਚਨਾਵਾਂ ਦਰਜ਼ ਕੀਤੀਆਂ ਗਈਆਂ ਹਨ। ਬਹੁਤ ਜਲਦ ਉਸਦਾ ਮੌਲਿਕ ਕਾਵਿ ਸੰਗ੍ਰਹਿ ਪਾਠਕਾਂ ਦੇ ਹੱਥਾਂ ਵਿੱਚ ਹੋਵੇਗਾ।

**ਇਟਲੀ**
**00393318525163**

**ਰਾਜੂ ਹਠੂਰੀਆ**



ਰਾਜੂ ਹਠੂਰੀਆ ਲੁਧਿਆਣਾ ਜ਼ਿਲਾ ਦੇ ਮਸ਼ਹੂਰ ਪਿੰਡ ਹਠੂਰ ਦਾ ਜੰਮਪਲ ਹੈ, ਹੁਣ ਉਹ ਪਿਛਲੇ 27 ਸਾਲ ਤੋਂ ਇਟਲੀ ਦੇ ਸੰਗੀਤ ਇਤਿਹਾਸ ਤੇ ਵਿਰਾਸਤੀ ਸ਼ਹਿਰ ਵਜੋਂ ਜਾਣੇ ਜਾਂਦੇ ਜ਼ਿਲਾ ਕਰੇਮੋਨਾ ਵਿੱਚ ਰਹਿ ਰਿਹਾ ਹੈ। ਜੋ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਮੋਢੀਆਂ ਵਿੱਚੋਂ ਇੱਕ ਹੈ ਅਤੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਬਤੌਰ ਜਨਰਲ ਸਕੱਤਰ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਰਾਜੂ ਨੇ ਲੰਮਾ ਸਮਾਂ ਇੰਡੋ ਇਟਾਲੀਅਨ ਟਾਈਮਜ਼ ਦੇ ਸਹਿ ਸੰਪਾਦਕ ਵਜੋਂ ਵੀ ਕੰਮ ਕੀਤਾ ਹੈ। ਉਸਦੀਆਂ ਲਿਖਤਾਂ ਨੂੰ ਦੇਸ ਪ੍ਰਦੇਸ ਦੇ ਅਨੇਕਾਂ ਅਖਬਾਰਾਂ ਵਿੱਚ ਪਹਿਲੇ ਪੰਨਿਆਂ ਤੇ ਛਾਪਿਆ ਜਾਂਦਾ ਰਿਹਾ ਹੈ। ਉਹ ਇਟਲੀ ਵਿੱਚ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਦੀ ਬਿਹਤਰੀ ਲਈ ਲਗਾਤਾਰ ਯਤਨਸ਼ੀਲ ਰਿਹਾ ਹੈ। ਉਸਦੇ ਲਿਖੇ ਕਈ ਗੀਤ ਵੱਖ ਵੱਖ ਗਾਇਕਾਂ ਦੀ ਆਵਾਜ਼ ਵਿੱਚ ਰੀਕਾਰਡ ਹੋ ਚੁੱਕੇ ਹਨ। ਰਾਜੂ ਹਠੂਰੀਆ ਸਾਹਿਤਕ ਚਿੰਤਨ ਵਜੋਂ ਇੱਕ ਵੱਖਰੀ ਪਹਿਚਾਣ ਰੱਖਣ ਵਾਲਾ ਸ਼ਖਸ ਹੈ। ਜੋ ਜ਼ਿਆਦਾ ਪੜ੍ਹਨ ਤੇ ਘੱਟ ਲਿਖਣ ਵਿੱਚ ਰੁਚੀ ਰੱਖਦਾ ਹੈ।

**ਇਟਲੀ**
**0039 328 186 9027**

**ਪ੍ਰੇਮ ਪਾਲ ਸਿੰਘ**



ਪ੍ਰੇਮ ਪਾਲ ਸਿੰਘ ਦਾ ਜਨਮ ਮਾਤਾ ਜਗੀਰ ਕੌਰ ਪਿਤਾ ਹਮੀਰ ਸਿੰਘ (ਸਾਬਕਾ ਫੌਜੀ ਅਫਸਰ) ਦੇ ਘਰ ਪਿੰਡ ਤਾਜੋ ਕੇ ਬਰਨਾਲਾ ਵਿਖੇ ਹੋਇਆ। ਇਹਨਾਂ ਦਾ ਆਪਣਾ ਜੱਦੀ ਪਿੰਡ ਅਹਿਮਦਪੁਰ ਹੈ ਤੇ ਮੁੱਢਲੀ ਪੜਾਈ ਬੁਢਲਾਡਾ ਜ਼ਿਲਾ ਮਾਨਸਾ ਤੋਂ ਕੀਤੀ। ਸ. ਪ੍ਰੇਮ ਪਾਲ ਸਿੰਘ 2004 ਤੋਂ ਇਟਲੀ 'ਚ ਰਹਿ ਰਹੇ ਹਨ। ਪੰਜਾਬੀ ਸਾਹਿਤ ਨੂੰ ਪੜ੍ਹਨ ਤੇ ਲਿਖਣ ਦਾ ਸ਼ੌਕ 1987-88 ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗਿਆਨੀ ਕਰਨ ਸਮੇਂ ਪੈਦਾ ਹੋਇਆ। ਪ੍ਰੇਮ ਪਾਲ ਸਿੰਘ ਅੱਜਕੱਲ ਪਰਿਵਾਰ ਸਮੇਤ ਇਟਲੀ ਦੇ ਪੀਅਚੈਂਸਾ ਜ਼ਿਲੇ ਵਿੱਚ ਰਹਿ ਰਹੇ ਹਨ। ਪ੍ਰੇਮ ਪਾਲ ਸਿੰਘ ਜਿੱਥੇ ਇੱਕ ਵਧੀਆ ਗ਼ਜ਼ਲਗੋ ਹਨ ਉੱਥੇ ਇਹ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨੂੰ ਪੰਜਾਬੀ ਵੀ ਪੜਾਉਂਦੇ ਹਨ। ਇਸਦੇ ਇਲਾਵਾ ਪ੍ਰੇਮ ਪਾਲ ਸਿੰਘ ਬਹੁਤ ਮਿੱਠੀ ਸੁਰ ਵਿੱਚ ਕੀਰਤਨ ਵੀ ਕਰਦੇ ਹਨ। ਇਹ ਪਿਛਲੇ ਕੁਝ ਸਾਲਾਂ ਤੋਂ ਸਾਹਿਤ ਸੁਰ ਸੰਗਮ ਸਭਾ ਇਟਲੀ ਨਾਲ ਜੁੜੇ ਹੋਏ ਹਨ ਅਤੇ ਸਭਾ ਦੇ ਕਾਰਜਾਂ ਆਪਣਾ ਪੂਰਾ ਸਹਿਯੋਗ ਦਿੰਦੇ ਹਨ।

**ਇਟਲੀ**

**0039 328 552 7965**

**ਬਿੰਦਰ ਜਾਨ-ਏ ਸਾਹਿਤ**



ਸਾਹਿਤ ਜਗਤ ਵਿਚ ਬਿੰਦਰ ਸਾਹਿਤ ਵਜੋਂ ਜਾਣੇ ਜਾਂਦੇ ਬਿੰਦਰ ਦੀ ਕਰਮ ਭੂਮੀ ਇਟਲੀ ਮਿਲਾਨ ਹੈ। ਉਹ ਪੰਜਾਬ ਦੇ ਪਿੰਡ ਚਲੈਲਾ, ਜ਼ਿਲਾ ਪਟਿਆਲਾ ਨਾਲ ਸੰਬੰਧਿਤ ਹਨ। ਇਹਨਾਂ ਦੀ ਪੁਸਤਕ 'ਬੇਜਾਨ ਦਿਲ ਦੀ ਆਵਾਜ਼' ਪ੍ਰਕਾਸ਼ਿਤ ਹੋ ਚੁੱਕੀ ਹੈ। 'ਪੰਜਾਬੀ ਸਾਂਝ ਜਰਮਨੀ' ਮੈਗਜ਼ੀਨ ਦੇ ਸੰਪਾਦਕ, ਐਨ. ਆਰ. ਆਈ. ਇਨਕਲਾਬੀ ਮੰਚ ਦੇ ਮੀਤ ਪ੍ਰਧਾਨ ਅਤੇ ਲੋਕ ਮੰਚ ਇਟਲੀ ਦੇ ਅਗਾਂਹਵਧੂ ਮੈਂਬਰ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਅੰਤਰਰਾਸ਼ਟਰੀ ਮੈਗਜ਼ੀਨਾਂ ਵਿਚ ਅਕਸਰ ਇਹਨਾਂ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।

**ਇਟਲੀ**

**00393278159218**

**ਮੇਜਰ ਸਿੰਘ ਖੱਖ**



ਮੇਜਰ ਸਿੰਘ ਖੱਖ ਇਟਲੀ ਦੇ ਧਾਰਮਿਕ ਅਦਾਰਿਆਂ ਅਤੇ ਸਾਹਿਤਕ ਹਲਕਿਆਂ ਵਿਚ ਵਿਚਰਨ ਵਾਲੀ ਵਿਲੱਖਣ ਸ਼ਖਸੀਅਤ ਹੈ। ਇਟਲੀ ਵਿੱਚ ਪੰਜਾਬੀਆਂ ਦੀ ਸਭ ਤੋਂ ਸੰਘਣੀ ਆਬਾਦੀ ਵਾਲੇ ਜ਼ਿਲਾ ਬਰੇਸ਼ੀਆ ਵਿਖੇ ਮੇਜਰ ਸਿੰਘ ਖੱਖ ਪਿਛਲੇ 20 ਸਾਲ ਤੋਂ ਰਹਿ ਰਿਹਾ ਹੈ। ਉਹ ਇੱਥੋਂ ਦੇ ਬਾਬਾ ਬੁੱਢਾ ਜੀ ਸਿੱਖ ਸੈਂਟਰ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਮੈਂਬਰ, ਸਰਬੱਤ ਦੀ ਸੇਵਾ ਸੋਸਇਟੀ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਦਾ ਮੈਂਬਰ ਵੀ ਹੈ। ਮੇਜਰ ਸਿੰਘ ਖੱਖ ਦਾ ਇੱਕ ਵਧੀਆ ਚਿੱਤਰਕਾਰ ਹੈ ਜੋ ਸਕੈਚ ਚਿੱਤਰਕਾਰੀ ਵਿੱਚ ਬਹੁਤ ਮੁਹਾਰਤ ਰੱਖਦਾ ਹੈ। ਇਸਦੇ ਨਾਲ ਨਾਲ ਉਹ ਕਵਿਤਾ ਵੀ ਲਿਖਣ ਦਾ ਸ਼ੌਂਕ ਰੱਖਦਾ ਹੈ।

**ਇਟਲੀ**

**0039 329 409 4202**

**ਦਿਲਬਾਗ ਸਿੰਘ ਖ਼ਹਿਰਾ**



ਸ. ਜਰਨੈਲ ਸਿੰਘ ਖ਼ਹਿਰਾ ਅਤੇ ਮਾਤਾ ਭਜਨ ਕੌਰ ਦਾ ਸਪੁੱਤਰ ਦਿਲਬਾਗ ਸਿੰਘ ਖ਼ਹਿਰਾ ਖਡੂਰ ਸਾਹਿਬ ਦੀ ਧਰਤੀ ਦਾ ਜੰਮਪਲ ਹੈ। 2000 ਵਿਚ ਆਪਣੇ ਸੁਨਹਿਰੇ ਭਵਿੱਖ ਲਈ ਉਹ ਪੰਜਾਬ ਦੀ ਧਰਤੀ ਛੱਡ ਕੇ ਇਟਲੀ ਆ ਵੱਸਿਆ। ਕਵਿਤਾ, ਗੀਤ ਅਤੇ ਕਹਾਣੀ ਉਹਨਾਂ ਦੀ ਸਾਹਿਤ ਸਿਰਜਣਾ ਦੀ ਮਨਪਸੰਦ ਵਿਧਾ ਹੈ। 2011 ਵਿਚ ਉਸਦਾ ਲਿਖਿਆ ਪਹਿਲਾ ਗੀਤ ਮਾਰਕੀਟ ਵਿਚ ਆਇਆ ਤੇ ਉਸ ਤੋਂ ਬਾਅਦ ਇਹ ਸਫ਼ਰ ਨਿਰੰਤਰ ਜਾਰੀ ਹੈ। ਉਹ ਯੂਰਪ ਦੀਆਂ ਅਖ਼ਬਾਰਾਂ, ਮੈਗਜ਼ੀਨਾਂ, ਰਸਾਲਿਆਂ ਵਿਚ ਆਪਣੀਆਂ ਕਵਿਤਾਵਾਂ, ਗੀਤਾਂ ਰਾਹੀਂ ਨਿਰੰਤਰ ਪਾਠਕਾਂ ਸਨਮੁੱਖ ਹੁੰਦੇ ਰਹਿੰਦੇ ਹਨ। ਵੱਖ ਵੱਖ ਸਾਂਝੇ ਕਾਵਿ ਸੰਗ੍ਰਹਿ ਅਤੇ ਕਹਾਣੀਆਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਇਟਲੀ ਵੱਸਦੇ ਇਸ ਪੰਜਾਬੀ ਲੇਖਕ ਤੋਂ ਭਵਿੱਖ ਵਿਚ ਬਹੁਤ ਉਮੀਦਾਂ ਹਨ

**ਇਟਲੀ**

**+393404983798**

**ਸਤਬੀਰ ਸਾਂਝ**



ਸਤਬੀਰ ਕੌਰ ਸਾਂਝ ਦਾ ਪਿਛੋਕੜ ਮਸੀਤਪਲਕੋਟ ਹੁਸ਼ਿਆਰਪੁਰ ਦਾ ਹੈ ਅਤੇ ਅੱਜਕੱਲ੍ਹ ਉਹ ਇਟਲੀ ਵਾਸੀ ਹੈ। ਸਿਰਜਣਾ ਦੇ ਖੇਤਰ ਵਿਚ ਕਵਿਤਾ ਉਸਦੀ ਮਨਪਸੰਦ ਵਿਧਾ ਹੈ। ਸਾਹਿਤ ਸੁਰ ਸੰਗਮ ਸਭਾ ਇਟਲੀ ਦੀ ਉਹ ਮੈਂਬਰ ਹੈ ਅਤੇ ਵਿਸ਼ਵ ਨਾਰੀ ਸਾਹਿਤਕ ਮੰਚ ਨਾਲ ਵੀ ਜੁੜੀ ਹੋਈ ਹੈ। ਸਾਹਿਤ ਸੁਰ ਸੰਗਮ ਸਭਾ ਇਟਲੀ ਵਲੋਂ ਜਲਦ ਹੀ ਪ੍ਰਕਾਸ਼ਿਤ ਹੋਣ ਵਾਲੇ ਸਾਂਝੇ ਕਾਵਿ ਸੰਗ੍ਰਹਿ ਵਿਚ ਉਸਦੀਆਂ ਰਚਨਾਵਾਂ ਵੀ ਸ਼ਾਮਿਲ ਹਨ। ਨਿਰਪੱਖ ਕਲਮ, ਪੰਜਾਬੀ ਸਾਂਝ ਜਰਮਨੀ ਅਤੇ ਦੋਆਬਾ ਐਕਸਪ੍ਰੈਸ ਵਿਚ ਉਹਨਾਂ ਦੀਆਂ ਰਚਨਾਵਾਂ ਛਪ ਚੁੱਕੀਆਂ ਹਨ।

**ਇਟਲੀ**

**ਗੁਰਮੀਤ ਸਿੰਘ ਮੱਲੀ**



ਗੁਰਮੀਤ ਸਿੰਘ ਮੱਲੀ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਕੋਟਲੀ ਮੱਲੀਆਂ ਦਾ ਜੰਮਪਲ ਹੈ। ਬੀ. ਐਸ. ਸੀ. ਮੈਡੀਕਲ, ਬੀ. ਐਡ., ਡਿਪਲੋਮਾ ਫਾਰਮੇਸੀ ਕਰਨ ਉਪਰੰਤ ਉਹਨਾਂ ਨੇ ਇਟਲੀ ਨੂੰ ਆਪਣੀ ਕਰਮਭੂਮੀ ਚੁਣਿਆ। ਗੀਤਕਾਰੀ ਅਤੇ ਛੋਟੀ ਕਹਾਣੀ ਇਹਨਾਂ ਦਾ ਸਿਰਜਣਾ ਖੇਤਰ ਹੈ। ਇਨ੍ਹਾਂ ਦੁਆਰਾ ਰਚਿਤ ਮਿੰਨੀ ਕਹਾਣੀਆਂ ਇੰਡੋ ਇਟਾਲੀਅਨ ਮੈਗਜ਼ੀਨ ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਦੇ ਲਿਖੇ ਗੀਤ ਰੀਕਾਰਡ ਵੀ ਹੋ ਚੁੱਕੇ ਹਨ।

**ਇਟਲੀ**

**00393881735656**

**ਸ਼ਿਵਨੀਤ ਕੌਰ ਬਰਾੜ**

ਸ਼ਿਵਨੀਤ ਕੌਰ ਬਰਾੜ ਫ਼ਰੀਦਕੋਟ ਜ਼ਿਲਾ ਦੇ ਸ਼ਹਿਰ ਕੋਟਕਪੂਰਾ ਦੀ ਜੰਮਪਲ ਹੈ। ਸ਼ਿਵਨੀਤ ਦੇ ਪਿਤਾ ਸ੍ਰ ਬਾਬੂ ਸਿੰਘ ਗਿੱਲ ਇੱਕ ਪੁਲਿਸ ਅਫ਼ਸਰ ਸਨ ਅਤੇ ਮਾਂ

ਚਰਨਜੀਤ ਕੌਰ ਰਾਸ਼ਟਰੀ ਪੱਧਰ ਦੀ ਹਾਕੀ ਖਿਡਾਰਨ ਸੀ। ਸ਼ਿਵਨੀਤ ਨੇ ਆਪਣੀ ਪੜ੍ਹਾਈ ਗਾਂਧੀ ਕਾਲਜ ਕੋਟਕਪੂਰਾ ਤੋਂ ਐਮ. ਏ. ਪੰਜਾਬੀ ਤੱਕ ਪੂਰੀ ਕੀਤੀ। ਸ਼ਿਵਨੀਤ ਦਾ ਸੁਪਨਾ ਏਅਰ ਹੋਸਟੈਸ ਤੇ ਫ਼ੈਸ਼ਨ ਡਿਜ਼ਾਇਨਰ ਬਣਨ ਦਾ ਸੀ, ਪਰ ਪੜ੍ਹਾਈ ਤੋਂ ਬਾਅਦ ਵਿਆਹ ਹੋਣ ਕਰਕੇ ਇਟਲੀ ਆ ਵੱਸੀ। ਘਰ ਵਿੱਚ ਮਾਂ ਪਿਉ ਬੇਸ਼ੱਕ ਲੇਖਕ ਨਹੀਂ ਸਨ, ਪਰ ਉਹਨਾਂ ਦੀ ਰੁਚੀ ਸਾਹਿਤਕ ਹੋਣ ਕਰਕੇ ਸ਼ਿਵਨੀਤ ਦੀ ਸਾਂਝ ਵੀ ਸ਼ਬਦਾਂ ਨਾਲ ਪੈ ਗਈ। ਜੋ ਅੱਜ ਤੱਕ ਉਸਨੇ ਬਰਕਰਾਰ ਰੱਖੀ ਹੋਈ ਹੈ। ਪਰਿਵਾਰਕ ਰੁਝੇਵਿਆਂ ਦੇ ਨਾਲ ਨਾਲ ਸ਼ਿਵਨੀਤ ਕਵਿਤਾ, ਕਹਾਣੀ ਲਿਖਣ ਦਾ ਸ਼ੌਂਕ ਰੱਖਦੀ ਹੈ। ਉਹ ਅੱਜ ਕੱਲ੍ਹ ਇਟਲੀ ਦੇ ਜ਼ਿਲਾ ਪਾਰਮਾ ਵਿੱਚ ਪਰਿਵਾਰ ਸਮੇਤ ਰਹਿ ਰਹੀ ਹੈ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਨਾਲ ਜੁੜੀ ਹੋਈ ਹੈ।


**ਇਟਲੀ**

**0039 328 444 1583**


**ਅਮਰਵੀਰ ਸਿੰਘ ਹੋਠੀ**



ਅਮਰਵੀਰ ਸਿੰਘ ਹੋਠੀ ਅੱਜ ਕੱਲ ਇਟਲੀ ਦੇ ਦੁੱਧ ਅਤੇ ਪਨੀਰ ਵਜੋਂ ਮਸ਼ਹੂਰ ਜ਼ਿਲਾ ਪਾਰਮਾ ਵਿੱਚ ਪਿਛਲੇ ਗਿਆਰਾਂ ਸਾਲ ਰਹਿ ਰਿਹਾ ਹੈ। ਅਮਰਵੀਰ ਦਾ ਜਨਮ ਸਥਾਨ ਪਿੰਡ ਬੱਲਾਂ ਜ਼ਿਲਾ ਜਲੰਧਰ ਹੈ। ਕਵਿਤਾ ਲਿਖਣਾ ਤੇ ਕਬੱਡੀ ਦੀ ਕੁਮੈਂਟਰੀ ਉਸਦਾ ਸ਼ੌਂਕ ਹੈ। ਉਸਦੀ ਕਵਿਤਾ ਵਿੱਚ ਵੀ ਕਬੱਡੀ ਦੇ ਖਿਡਾਰੀਆਂ ਬਾਰੇ ਬਹੁਤ ਝਲਕਾਂ ਮਿਲਦੀਆਂ ਹਨ। ਉਸਦੀ ਕਵਿਤਾ ਵਿੱਚ ਠੇਠਤਾ, ਪੇਂਡੂ ਝਲਕਾਰਾ ਤੇ ਪੰਜਾਬੀ ਸਭਿਆਚਾਰ ਦੇ ਰੰਗ ਬਾਖੂਬੀ ਨਜ਼ਰ ਆਉਂਦੇ ਹਨ। ਪੰਜਾਬੀ ਕਵਿਤਾ ਦੇ ਸੰਬੰਧ ਵਿੱਚ ਅਮਰਵੀਰ ਸਿੰਘ ਹੋਠੀ ਕੋਲੋਂ ਭਵਿੱਖ ਵਿੱਚ ਬਹੁਤ ਆਸਾਂ ਹਨ। ਅਮਰਵੀਰ ਸਿੰਘ ਸਾਹਿਤ ਸੁਰ ਸੰਗਮ ਸਭਾ ਇਟਲੀ ਨਾਲ ਪਿਛਲੇ ਕਈ ਸਾਲ ਤੋਂ ਬਤੌਰ ਮੈਂਬਰ ਹੈ।


**ਇਟਲੀ**

**0039 324 8182547**

**ਜਸਕਰਨ ਸਿੰਘ ਯੂਰਪ**



ਜਸਕਰਨ ਸਿੰਘ ਯੂਰਪ ਦੀਆਂ ਸਭ ਤੋਂ ਮਸ਼ਹੂਰ ਪਹਾੜੀ ਲੜੀ ਐਲਪਸ ਦੀਆਂ ਵਾਦੀਆਂ ਦੇ ਪੈਰਾਂ ਵਿੱਚ ਵੱਸੇ ਇਟਲੀ ਦੇ ਜ਼ਿਲਾ ਬੈਰਗਾਮੋ ਜੋ ਲੰਬਾਰਡੀ ਰਾਜ ਵਿੱਚ ਪਿਛਲੇ 23 ਸਾਲ ਤੋਂ ਰਹਿ ਰਿਹਾ ਹੈ। ਉਸਦਾ ਜਨਮ ਪਿੰਡ ਮਜਾਰਾ ਖੁਰਦ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਪੰਜਾਬ ਵਿੱਚ ਹੋਇਆ ਹੈ। ਜਸਕਰਨ ਸਿੰਘ ਪੰਜਾਬੀ ਦੇ ਮਸ਼ਹੂਰ ਸ਼ਾਇਰ ਤੇ ਗਾਇਕ ਦੇਬੀ ਮਖਸੂਸਪੁਰੀ ਨੂੰ ਸ਼ਾਇਰੀ ਲਈ ਆਪਣਾ ਆਦਰਸ਼ ਮੰਨਦਾ ਹੈ। ਉਸਦੇ ਕਈ ਗੀਤ ਪੰਜਾਬੀ ਦੇ ਨਾਮਵਰ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ। ਅੱਜ ਕੱਲ੍ਹ ਜਸਕਰਨ ਸਿੰਘ ਪੰਜਾਬੀ ਕਵਿਤਾ ਵਿੱਚ ਹੱਥ ਅਜ਼ਮਾ ਰਿਹਾ ਹੈ। ਉਹ ਸਾਹਿਤ ਸੁਰ ਸੰਗਮ ਸਭਾ ਇਟਲੀ ਨਾਲ ਪਿਛਲੇ ਕੁਝ ਸਮੇਂ ਤੋਂ ਜੁੜਿਆ ਹੋਇਆ ਹੈ।

**ਇਟਲੀ**

**0039 380 903 9873**



# ਜਰਮਨੀ ਦੇ ਪੰਜਾਬੀ ਲੇਖਕ

## ਕੇਹਰ ਸ਼ਰੀਫ



ਪੰਜਾਬ ਦੇ ਨਵਾਂ ਸ਼ਹਿਰ ਦੇ ਪਿੰਡ ਠਠਿਆਲਾ ਦੇ ਜੰਮਪਲ ਕੇਹਰ ਸ਼ਰੀਫ਼ ਪਿਛਲੇ ਲਗਪਗ ਚਾਰ ਦਹਾਕਿਆਂ ਤੋਂ ਜਰਮਨੀ ਦੇ ਵਿੱਟਨ ਸ਼ਹਿਰ ਵਿਚ ਰਹਿ ਰਹੇ ਹਨ। ਉਹ ਮੁਖ ਤੌਰ ਤੇ ਵਾਰਤਕ ਲਿਖਦੇ ਹਨ ਪਰ ਕਵਿਤਾ ਤੇ ਵੀ ਕਲਮ ਅਜ਼ਮਾਈ ਕਰ ਲੈਂਦੇ ਹਨ। 'ਸਮੇਂ ਨਾਲ ਸੰਵਾਦ' ਉਨ੍ਹਾਂ ਦੀ ਵਾਰਤਕ ਪੁਸਤਕ ਪ੍ਰਕਾਸ਼ਤ ਹੋ ਚੁੱਕੀ ਹੈ। ਕਈ ਪੁਸਤਕਾਂ ਸੰਪਾਦਿਤ ਵੀ ਕੀਤੀਆਂ ਹਨ ਤੇ ਕਈ ਪੁਸਤਕਾਂ ਵਿੱਚ ਹਿੱਸੇਦਾਰੀ ਵੀ ਹੈ ਬਹੁਤ ਸਾਰੀਆਂ ਹਿੰਦੀ ਕਹਾਣੀਆਂ ਦਾ ਅਨੁਵਾਦ ਵੀ ਕਰ ਚੁੱਕੇ ਹਨ। ਉਨ੍ਹਾਂ ਦੀਆਂ ਲਿਖਤਾਂ ਉੱਚ ਪਾਏ ਦੀਆਂ ਹੁੰਦੀਆਂ ਹਨ ਪੱਤਰਕਾਰੀ ਨਾਲ ਵੀ ਜੁੜੇ ਹੋਏ ਹਨ। 'ਮੀਡੀਆ ਪੰਜਾਬ' ਅਤੇ 'ਅੰਗ ਸੰਗ ਪੰਜਾਬ' ਨਾਲ ਸਹਾਇਕ ਸੰਪਾਦਕ ਵਜੋਂ ਕਾਰਜਸ਼ੀਲ ਹਨ। ਹਿਊਸਟਨ ਤੋਂ ਚੱਲਦੇ ਪੰਜਾਬੀ ਰੇਡੀਓ 'ਵਾਇਸ ਆਫ ਪੰਜਾਬ' ਨਾਲ ਵੀ ਜੁੜੇ ਹੋਏ ਹਨ

**ਵਿਟਨ, ਜਰਮਨੀ**

**+491733546050**

## ਅਮਜ਼ਦ ਆਰਫ਼ੀ



ਲਹਿੰਦੇ ਪੰਜਾਬ (ਪਾਕਿਸਤਾਨ) ਦੇ ਮਾਣਮੱਤੇ ਸ਼ਾਇਰ ਅਮਜ਼ਦ ਆਰਫ਼ੀ ਫਰੈਂਕਫਰਟ ਜਰਮਨੀ ਨੂੰ ਰੈਣ ਬਸੇਰਾ ਬਣਾਇਆ ਹੋਇਆ ਹੈ। ਇਨ੍ਹਾਂ ਦੇ ਕਾਵਿ ਸੰਗ੍ਰਹਿ 'ਚੁੱਪ ਦੀ ਬੁੱਕਲ' ਤੇ 'ਚੁੱਪ ਦੀਆਂ ਰਮਜ਼ਾਂ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਕੋਲ ਬਹੁਤ ਖ਼ੂਬਸੂਰਤ ਸ਼ਬਦ ਹਨ ਤੇ ਤਰੰਨੁਮ ਵੀ। ਪੰਜਾਬੀ ਅਦਬੀ ਤਨਜ਼ੀਮ ਪੰਚਨਦ ਦੇ ਅਹੁਦੇਦਾਰ ਵੀ ਹਨ। ਇਨ੍ਹਾਂ ਦੀ ਰਹਿਨੁਮਾਈ ਵਿੱਚ ਇਸ ਸਭਾ ਦਾ ਕਾਫ਼ਲਾ ਬਹੁਤ ਸਰਗਰਮ ਹੈ। ਮਾਂ ਬੋਲੀ ਦੀ ਖ਼ਿਦਮਤ ਕਰਨਾ ਇਨ੍ਹਾਂ ਨੂੰ ਬਹੁਤ ਚੰਗਾ ਲੱਗਦਾ ਹੈ। ਹੁਣ ਤੱਕ ਇਨ੍ਹਾਂ ਨੂੰ ਅੱਠ ਅਦਬੀ ਐਵਾਰਡ ਵੀ ਮਿਲ ਚੁੱਕੇ ਹਨ

**ਜਰਮਨੀ**

**+491775792360**

**ਨੀਲੂ ਜਰਮਨੀ**



ਮਸ਼ਹੂਰ ਗੀਤਕਾਰ ਇੰਦਰਜੀਤ ਹਸਨਪੁਰੀ ਦੇ ਪਿੰਡ ਹਸਨਪੁਰ (ਲੁਧਿਆਣਾ) ਦੀ ਜੰਮਪਲ ਤੇ ਹੁਣ ਜਰਮਨੀ ਵਸਦੀ ਨੀਲੂ ਦੇ ਮਨ ਵਿਚ ਕਿੱਸਿਆਂ ਅਤੇ ਪੁਰਾਣੇ ਲੋਕ ਗੀਤਾਂ ਦੀ ਨਾਇਕਾ ਵੱਸੀ ਹੋਈ ਹੈ। ਗੀਤ ਜਾਂ ਕਵਿਤਾ ਤਰੰਨੁਮ ਵਿੱਚ ਸੁਣਾਉਣਾ ਨੀਲੂ ਨੂੰ ਬਹੁਤ ਚੰਗਾ ਲੱਗਦਾ ਹੈ ਕਵਿਤਾ ਦੀਆਂ ਤਰੰਗਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ ਨੀਲੂ ਨੇ ਪੰਜਾਬੀ ਕਾਵਿ ਜਗਤ ਵਿੱਚ ਆਪਣੀ ਪਲੇਠੀ ਕਾਵਿ ਪੁਸਤਕ 'ਬੈਰਾਗ' ਰਾਹੀਂ ਦਸਤਕ ਦਿੱਤੀ ਹੈ। ਜਲਦੀ ਹੀ ਉਸਦੀ ਅਗਲੀ ਕਾਵਿ ਪੁਸਤਕ ਪਾਠਕਾਂ ਦੇ ਸਨਮੁੱਖ ਹੋਵੇਗੀ

**ਜਰਮਨੀ**
**+4915205434798**

**ਪਵਨ ਪਰਵਾਸੀ**



ਪਿਛਲੇ ਕਈ ਸਾਲਾਂ ਤੋਂ ਜਰਮਨੀ ਰਹਿ ਰਹੇ ਪਵਨ ਪ੍ਰਵਾਸੀ ਨੇ ਆਪਣੇ ਕਹਾਣੀ ਸੰਗ੍ਰਹਿ 'ਹੱਥ ਹੌਲ਼ਾ' ਰਾਹੀਂ ਪੰਜਾਬੀ ਸਾਹਿਤ ਜਗਤ ਵਿੱਚ ਦਸਤਕ ਦਿੱਤੀ ਹੈ। ਯੂਰਪ ਤੇ ਪੰਜਾਬ ਦੇ ਵੱਖ ਵੱਖ ਮਿਆਰੀ ਅਖ਼ਬਾਰਾਂ ਵਿਚ ਉਸ ਦੇ ਲੇਖ ਕਹਾਣੀਆਂ ਤੇ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ। ਪੰਜਾਬੀ ਜਾਗਰਣ ਅਤੇ ਪੀ. ਟੀ. ਸੀ. ਲਈ ਰਿਪੋਰਟਰ ਦੇ ਤੌਰ ਤੇ ਵੀ ਸੇਵਾ ਨਿਭਾਉਂਦਾ ਹੈ। ਆਨਲਾਈਨ ਅਖਬਾਰ ਪੰਜਾਬੀ ਸਾਂਝ ਦਾ ਪ੍ਰਕਾਸ਼ਕ ਵੀ ਹੈ। ਪੰਜਾਬੀ ਸਾਹਿਤਕ ਗਤੀਵਿਧੀਆਂ ਵਿੱਚ ਭਾਗ ਲੈਣ ਨੂੰ ਹਮੇਸ਼ਾਂ ਤਰਜ਼ੀਹ ਦਿੰਦਾ ਹੈ

**ਜਰਮਨੀ**
**+4915221870730**

**ਅੰਜੂਜੀਤ**



ਜਲੰਧਰ ਜ਼ਿਲ੍ਹੇ ਦੇ ਪਿੰਡ ਵਿਰਕ ਦੀ ਜੰਮਪਲ ਅੰਜੂਜੀਤ 1991 ਵਿਚ ਪਰਵਾਸ ਧਾਰਨ ਕਰਕੇ ਜਰਮਨੀ ਦੀ ਵਸਨੀਕ ਬਣ ਗਈ। ਇੱਥੇ ਉਹ ਨਰਸ ਅਸਿਸਟੈਂਟ ਵਜੋਂ ਕਾਰਜਸ਼ੀਲ ਹੈ ਸਾਹਿਤਕ ਰੁਚੀਆਂ ਰੱਖਣ ਕਾਰਨ ਉਹ ਕਈ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਨਾਲ ਜੁੜੀ ਹੋਈ ਹੈ। 'ਪੰਜਾਬੀ ਸਾਂਝ ਜਰਮਨੀ' ਦੀ ਸਥਾਪਨਾ ਵਿੱਚ ਉਸ ਦਾ ਮਹੱਤਵਪੂਰਨ ਰੋਲ ਹੈ। ਇਸੇ ਤਰ੍ਹਾਂ ਪਿਛਲੇ ਸਾਲ ਸ੍ਰਿਸ਼ਟੀ ਸੰਸਥਾ ਦੀ ਵੀ ਸ਼ੁਰੂਆਤ ਕੀਤੀ ਹੈ

ਆਸਟ੍ਰੇਲੀਆ ਦੇ ਹਰਮਨ ਰੇਡੀਓ ਵਿਚ ਪ੍ਰੀਜ਼ੈਂਟਰ ਦੇ ਤੌਰ ਤੇ ਜੁੜੇ ਹੋਏ ਹਨ। ਉਸ ਦੇ ਦੋ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸਦੀਆਂ ਰਚਨਾਵਾਂ ਮਿਆਰੀ ਸਾਹਿਤਕ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ


**ਜਰਮਨੀ**

**+4915165113297**


## ਅਮਰਜੀਤ ਸਿੰਘ ਸਿੱਧੂ



ਅਮਰਜੀਤ ਸਿੰਘ ਸਿੱਧੂ ਪਿੰਡ ਬੱਧਨੀ ਕਲਾਂ ਜਿਲ੍ਹਾ ਮੋਗਾ ਦੇ ਜੰਮਪਲ ਹਨ। 1978 ਤੋਂ ਪੱਤਰਕਾਰੀ ਨਾਲ ਜੁੜੇ ਹੋਏ 1991 ਤੱਕ 'ਅੱਜ ਦੀ ਅਵਾਜ' ਅਖ਼ਬਾਰ ਨਾਲ ਕੰਮ ਕੀਤਾ ਜਿਸ ਵਿਚ ਉਹਨਾਂ ਦਾ ਹਫ਼ਤਾਵਾਰੀ ਕਾਲਮ 'ਸੱਥਾਂ ਬੋਲੀਆਂ' ਛਪਦਾ ਰਿਹਾ। ਜਰਮਨ ਵਾਸੀ ਬਨਣ ਉਪਰੰਤ ਵੀ ਸਿਰਜਣਾ ਨਾਲ ਜੁੜੇ ਰਹੇ ਅਤੇ ਔਨਲਾਈਨ ਪੇਪਰਾਂ ਨਾਲ ਗਤੀਵਿਧੀਆਂ ਜਾਰੀ ਰੱਖੀਆਂ ਹਨ। 'ਮੀਡੀਆ ਪੰਜਾਬ' ਔਨਲਾਈਨ ਅਖਬਾਰ ਤੇ ਟੀ. ਵੀ. ਜਰਮਨ ਨਾਲ ਤੇ ਅਜੀਤ ਨਾਲ ਬਤੌਰ ਪੱਤਰਕਾਰ ਕੰਮ ਕੀਤਾ। ਹੁਣ ਤਕ ਚਾਰ ਪੁਸਤਕਾਂ 'ਤਿੜਕਦੇ ਰਿਸ਼ਤੇ', 'ਰੋਹੀਆਂ ਦਾ ਰਾਹੀ' (ਕਹਾਣੀ ਸੰਗ੍ਰਹਿ), ਇਕ ਨਾਵਲ 'ਵਾਰਿਸ', 'ਗਵਾਚੇ ਸੁਪਨੇ' ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਵੱਖ ਵੱਖ ਮੈਗਜ਼ੀਨਾਂ ਵਿਚ ਅਕਸਰ ਇਹਨਾਂ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।


**ਹੈਮਬਰਗ, ਜਰਮਨੀ**

**+4917664197996.**

**amarjitsidhu55@hotmail.de**


## ਅਮਨਦੀਪ ਸਿੰਘ ਕਾਲਕੱਟ



ਅਮਨਦੀਪ ਸਿੰਘ ਪਿੰਡ ਕਾਲਕੱਟ ਜ਼ਿਲ੍ਹਾ ਹੁਸ਼ਿਆਰਪੁਰ ਦਾ ਜੰਮਪਲ਼ ਅਤੇ ਪਿਛਲੇ ਬਾਈ ਸਾਲਾਂ ਤੋਂ ਸ਼ਹਿਰ ਬਰਲਿਨ, ਜਰਮਨੀ ਦਾ ਵਸਨੀਕ ਹੈ। ਚੰਗਾ ਸਾਹਿਤ ਪੜ੍ਹਨ ਦੇ ਬਚਪਨ ਤੋਂ ਹੀ ਸ਼ੌਕੀਨ ਅਮਨਦੀਪ ਹੁਣ ਆਪ ਵੀ ਗੀਤ, ਕਵਿਤਾ ਤੇ ਵਾਰਤਕ ਲਿਖਦਾ ਹੈ ਜੋ ਕਿ ਅਕਸਰ ਹੀ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਹਨ। ਮੀਡੀਆ ਪੰਜਾਬ ਸਮੇਤ ਉਸਨੇ ਬਹੁਤ ਸਾਰੀਆਂ ਪੰਜਾਬੀ ਵੈੱਬ ਸਾਇਟਾਂ ਵਾਸਤੇ ਪੱਤਰਕਾਰੀ ਕੀਤੀ। ਜਰਮਨੀ ਦੇ ਲੇਖਕਾਂ ਦੀਆਂ ਛਪੀਆਂ ਕਿਤਾਬਾਂ "ਘਿਉ ਚੂਰੀ ਦੀਆਂ ਬਾਤਾਂ" ਅਤੇ "ਪ੍ਰਵਾਸ ਦੇ ਰੰਗ" ਵਿੱਚ ਵੀ ਉਸ ਦੀਆਂ ਲਿਖਤਾਂ ਛਪੀਆਂ। ਪਿਛਲੇ ਸੋਲ਼ਾਂ ਸਾਲਾਂ ਤੋਂ ਲਗਾਤਾਰ ਅਦਾਰਾ ਮੀਡੀਆ ਪੰਜਾਬ ਨਾਲ਼ ਮਿਲ਼ਕੇ ਏਸ

ਧਰਤੀ ਤੇ ਗੁਰਮੁਖੀ ਅਤੇ ਪੰਜਾਬੀ ਵਾਸਤੇ ਸੈਮੀਨਾਰਾਂ ਅਤੇ ਸਾਹਿਤਿਕ ਪ੍ਰੋਗਰਾਮਾਂ ਦੇ ਆਯੋਜਨ ਕਰਨ ਕਰਾਉਣ ਲਈ ਉਹ ਹਮੇਸ਼ਾ ਤਤਪਰ ਰਹਿੰਦਾ ਹੈ। ਕਿਸਾਨੀ ਮੋਰਚੇ ਵੇਲ਼ੇ ਉਸਦਾ ਲਿਖਿਆ ਗੀਤ "ਇਤਿਹਾਸ ਵਾਲ਼ੇ ਵਰਕੇ" ਜਿਸਨੂੰ ਨਿਰਮਲ ਸਿੱਧੂ ਅਤੇ ਪੰਮਾ ਡੂੰਮੇਵਾਲ਼ ਨੇ ਗਾਇਆ ਸੀ, ਬਹੁਤ ਮਕਬੂਲ ਹੋਇਆ। ਅਮਨਦੀਪ ਸਿੰਘ ਸਟੇਜ ਸੰਚਾਲਨਾ ਦਾ ਹੁਨਰ ਵੀ ਰੱਖਦਾ ਹੈ

**ਬਰਲਿਨ, ਜਰਮਨੀ**

**+4917622160669**

### ਜਰਨੈਲ ਸਿੰਘ ਭਿੰਡਰ



ਜਰਨੈਲ ਸਿੰਘ ਭਿੰਡਰ ਨੇ ਰਣਧੀਰ ਕਾਲਜ ਕਪੂਰਥਲਾ ਅਤੇ ਉਸ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਖੇਡਾਂ ਦੇ ਖੇਤਰ ਵਿੱਚ ਉਚੇਰੀ ਸਿੱਖਿਆ ਹਾਸਲ ਕੀਤੀ। 2001 ਵਿੱਚ ਉਹ ਜਰਮਨੀ ਚਲਾ ਗਿਆ ਤੇ ਅੱਜਕੱਲ੍ਹ ਫ਼ਰਾਂਸ ਵਾਸੀ ਹੈ। ਕਾਲਜ ਸਮੇਂ ਤੋਂ ਹੀ ਸਾਹਿਤਕ ਅਤੇ ਸਭਿਆਚਾਰਕ ਗਤੀਵਿਧੀਆਂ ਦੇ ਸਹਿਭਾਗੀ ਰਹਿਣ ਦੀ ਚੇਟਕ ਸਦਕਾ ਉਸਨੇ ਨੇ ਆਪਣਾ ਇਹ ਸ਼ੌਂਕ ਜਰਮਨੀ ਵਿਚ ਵੀ ਗਤੀਸ਼ੀਲ ਰੱਖਿਆ। ਗੀਤਾਂ ਤੇ ਗ਼ਜ਼ਲਾਂ ਨੂੰ ਤਰੰਨਮ ਵਿਚ ਗਾਉਣ ਦਾ ਹੁਨਰ ਰੱਖਣ ਵਾਲੇ ਇਸ ਲੇਖਕ ਦੀਆਂ ਰਚਨਾਵਾਂ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ।

**ਜਰਮਨੀ**

**0601592722**

### ਚਰਨਜੀਤ ਕੌਰ ਧਾਲੀਵਾਲ



ਚਰਨਜੀਤ ਕੌਰ ਧਾਲੀਵਾਲ ਜਰਮਨੀ ਵੱਸਦੀ ਸਾਹਿਤਕਾਰ ਹੈ 'ਵਿਲਕਦੇ ਵਲਵਲੇ' ਉਸਦਾ ਪਲੇਠਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੀਆਂ ਰਚਨਾਵਾਂ ਕੁਝ ਸਾਂਝੇ ਕਾਵਿ ਸੰਗ੍ਰਹਿਾਂ ਅਤੇ ਅਖ਼ਬਾਰਾਂ, ਰਸਾਲਿਆਂ ਵਿਚ ਵੀ ਛਪੀਆਂ ਹਨ। ਪੰਜਾਬੀ ਸੱਥ ਯੂ. ਕੇ. ਅਤੇ ਮੋਤਾ ਸਿੰਘ ਸਰਾਏ ਨਾਲ ਜੁੜਣ ਦੇ ਸਬੱਬ ਨੇ ਉਸਨੂੰ ਕਵਿਤਾ ਵੱਲ ਪ੍ਰੇਰਿਆ। ਸੰਪਾਦਕ ਦੇ ਤੌਰ ਤੇ ਉਸਨੇ ਜੰਗਲੀ ਫੁੱਲ (ਕਾਵਿ ਸੰਗ੍ਰਹਿ), ਸੁਤੰਤਰਤਾ ਸੰਗਰਾਮ ਦੇ ਜੰਗਲੀ ਫੁੱਲ (ਮੋਰਚਿਆਂ ਦਾ ਇਤਿਹਾਸ) ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਇਸਦੀ ਕਲਮਕਾਰੀ ਵਿਚ ਡੂੰਘੀ ਸੂਝ-ਬੂਝ,

ਲਗਨ ਸਿਰੜ, ਪੰਜਾਬੀ ਸਾਹਿਤ ਅਤੇ ਸਭਿਆਚਾਰ ਝਲਕਦਾ ਹੈ।

**ਜਰਮਨੀ**

**+4915224333737**

**ਸੁੱਚਾ ਸਿੰਘ ਬਾਜਵਾ**



ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਛੀਨਾ ਰੇਤ ਦੇ ਜੰਮਪਲ ਸੁੱਚਾ ਸਿੰਘ ਬਾਜਵਾ ਨੇ ਪਿਛਲੇ ਕਾਫੀ ਲੰਮੇ ਅਰਸੇ ਤੋਂ ਜਰਮਨੀ ਨੂੰ ਰੈਣ ਬਸੇਰਾ ਬਣਾਇਆ ਹੋਇਆ ਹੈ। ਉਨ੍ਹਾਂ ਦੀਆਂ ਹੁਣ ਤਕ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚ ਇਕ ਕਾਵਿ ਸੰਗ੍ਰਹਿ ‘ਤੇਰੇ ਨਾਮ’ ਹੈ। ਆਪਣਾ ਕਾਰੋਬਾਰ ਕਰਨ ਦੇ ਨਾਲ ਨਾਲ ਉਹ ਰੇਡੀਓ ਸਟੇਸ਼ਨ ਪਰਵਾਜ਼ ਦੀ ਬਾਖੂਬੀ ਸੰਚਾਲਨਾ ਕਰ ਰਹੇ ਹਨ। ਜਰਮਨੀ ਦੇ ਨਾਲ ਨਾਲ ਅਮਰੀਕਾ ਅਤੇ ਭਾਰਤ ਦੇ ਸ਼ਹਿਰ ਬਠਿੰਡਾ ਵਿਖੇ ਵੀ ਰੇਡੀਓ ਪਰਵਾਜ਼ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਿਸ਼ੇਸ਼ ਉੱਦਮ ਕਰ ਰਿਹਾ ਹੈ

**ਜਰਮਨੀ**

**+491714869514**

**ਬਲਵਿੰਦਰ ਸਿੰਘ ਲਾਡੀ**



ਬਲਵਿੰਦਰ ਸਿੰਘ ਲਾਡੀ ਉਰਫ਼ ਬਲ ਸਿੰਘ ਦਾ ਜਨਮ ਪਿੰਡ ਖ਼ਾਨਪੁਰ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿਤਾ ਸ. ਜਗੀਰ ਸਿੰਘ ਮਾਤਾ ਮਹਿੰਦਰ ਕੌਰ ਦੇ ਘਰ ਹੋਇਆ। ਇਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ ਅਤੇ 1986 ਤੋਂ ਜਰਮਨ ਦੇ ਸ਼ਹਿਰ ਹਮਬਰਗ ਵਿਚ ਰਹਿ ਰਹੇ ਹਨ। ਪੁਸਤਕ ‘ਮਿੱਟੀ ਦੀ ਮਹਿਕ’ ਪੁਸਤਕ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ।

**ਹਮਬਰਗ, ਜਰਮਨੀ**

**+491795269748**

# ਸਵਿਟਜ਼ਰਲੈਂਡ ਦੇ ਪੰਜਾਬੀ ਲੇਖਕ

**ਦੇਵ**



ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਦੇਵ ਪ੍ਰਮੁੱਖ ਸ਼ਬਦ ਸਿਰਜਕ ਹੈ ਉਸ ਦੀ ਕਾਵਿ ਯਾਤਰਾ ਸਵੈ ਤੋਂ ਵਿਸ਼ਵ ਤੀਕ ਦੇ ਸਮਾਜਿਕ ਤੇ ਇਤਿਹਾਸਕ ਵਰਤਾਰਿਆਂ ਨੂੰ ਪ੍ਰਸ਼ਨ ਚਿੰਨ੍ਹ ਕਰਨ ਵੱਲ ਰੁਚਿਤ ਹੁੰਦੀ ਹੈ। ਦੇਵ ਕਾਵਿ ਦੀ ਅੰਤਰਮੁਖਤਾ ਵਿੱਚ ਅਤੀਤ ਤੇ ਸਮਕਾਲ ਵਿਚਾਲੇ ਤਣਾਉ, ਪੰਜਾਬੀ ਮਨੁੱਖੀ ਅਵਚੇਤਨ ਤੇ ਪੰਜਾਬੀ ਸੱਭਿਆਚਾਰਕ ਪ੍ਰਵਚਨ ਕਾਰਜਸ਼ੀਲ ਰਹਿੰਦੇ ਹਨ। ਦੇਵ ਕਾਵਿ ਦੀ ਨਿਰਮਾਣਕਾਰੀ ਤੱਤਾਂ ਦੀ ਤਲਾਸ਼ ਕਰਦਿਆਂ ਕਈ ਸੱਭਿਆਚਾਰਕ ਪਹਿਲੂਆਂ ਵਿਚਾਰਧਾਰਕ ਪ੍ਰਤੀਬੱਧਤਾ ਯਥਾਰਥ ਦੇ ਮਿਸ਼ਰਤ ਰੂਪ ਤੇ ਪੰਜਾਬੀ ਮਨ ਮਾਨਸਿਕਤਾ ਦਾ ਪ੍ਰਸੰਗ ਤੇ ਸੰਦਰਭ ਉੱਭਰ ਕੇ ਸਾਹਮਣੇ ਆ ਜਾਂਦੇ ਹਨ ਕਿਉਂਕਿ  ਉਸ ਦੀ ਸ਼ਬਦ ਸਾਧਨਾ ਇੱਕੋ ਵੇਲੇ ਦੋ ਧਰਾਤਲਾਂ ਚੋਂ ਮਨੁੱਖੀ ਪੀੜ ਦੇ ਮੂਲ ਦੀ ਨਿਸ਼ਾਨਦੇਹੀ ਕਰਦੀ ਜਾਂਦੀ ਹੈ। ਉਸ ਦਾ ਕਾਵਿ ਵਿਵੇਕ ਭਾਰਤੀ ਤੇ ਪੱਛਮੀ ਚਿੰਤਨ, ਮਿੱਥ ਅਤੇ ਧਾਰਮਿਕ ਵਿਸ਼ਵਾਸ ਵਿੱਚੋਂ ਮੁਹਾਂਦਰਾ ਘੜਦਾ  ਹੋਇਆ ਆਧੁਨਿਕ ਮਨੁੱਖ ਦੀ ਦੰਭੀ ਸੋਚ ਦੀ ਬੌਧਿਕਤਾ ਦਾ ਚੀਰ ਹਰਨ ਕਰਦਾ ਹੈ। ਪੰਜਾਬੀ ਕਾਵਿ-ਵਿਕਾਸ ਵਿਚ ਸ਼ਾਇਰ ਦੇਵ **'ਮੇਰੇ ਦਿਨ ਦਾ ਸੂਰਜ'** (1969), **'ਦੂਸਰੇ ਕਿਨਾਰੇ ਦੀ ਤਲਾਸ਼'** (1978) , **'ਮਤਾਬੀ ਮਿੱਟੀ** (1983), **'ਪ੍ਰਸ਼ਨ ਤੇ ਪਰਵਾਜ਼'** (1992) , **'ਸ਼ਬਦਾਂਤ!** (1999), **ਵਿਦਰੋਹ!** (1999), **"ਹੁਣ ਤੋਂ ਪਹਿਲਾਂ** (ਸਮੁੱਚੀ ਕਵਿਤਾ) (2000) ਤੇ **'ਉਤਰਾਇਣ: ਸੂਰਜ ਵੱਲ ਦੀ ਯਾਤਰਾ** (2011) ਆਦਿ ਕਾਵਿ-ਸੰਗ੍ਰਹਿ ਰਾਹੀਂ ਕਾਵਿ-ਪ੍ਰਵਚਨ ਸਿਰਜਦਾ ਹੈ। ਸ਼ਾਇਰ ਕਾਵਿ-ਵਿਵੇਕ ਰਾਹੀਂ ਉਹ ਮਨੁੱਖੀ ਸੱਭਿਅਤਾ, ਇਤਿਹਾਸ ਤੇ ਸਮਾਜ-ਸਭਿਆਚਾਰ ਨੂੰ ਨਿਰੰਤਰ ਵਿਸਥਾਪਿਤ ਕਰਦਾ ਜਾਂਦਾ ਹੈ।

**ਦੇਵ ਸਵਿਟਜ਼ਰਲੈਂਡ**

**+41779040945**

**ਡਾ. ਗੁਰਬੀਰ ਸਿੰਘ ਭੁੱਲਰ**



ਡਾ. ਗੁਰਬੀਰ ਸਿੰਘ ਭੁੱਲਰ ਪੱਟੀ (ਤਰਨਤਾਰਨ) ਜ਼ਿਲੇ ਦੇ ਜੰਮਪਲ ਹਨ ਉਨ੍ਹਾਂ ਨੇ ਪੀ. ਏ. ਯੂ. ਲੁਧਿਆਣਾ ਤੋਂ ਫ਼ਸਲ ਵਿਗਿਆਨ ਵਿੱਚ ਮਾਸਟਰਜ਼ ਡਿਗਰੀ ਪ੍ਰਾਪਤ ਕਰਕੇ ਪੀਐੱਚ. ਡੀ ਤੇ ਪੋਸਟ ਡੌਕਟਰਲ ਪੜ੍ਹਾਈ ਸਵਿਟਜ਼ਰਲੈਂਡ ਤੋਂ ਕੀਤੀ ਤੇ ਇਸ ਵਕਤ ਉਹ ਉਥੇ ਹੀ ਪ੍ਰੋਫ਼ੈਸਰ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ਤੇ ਪੰਜਾਬੀ ਵਿੱਚ ਕਾਵਿ ਸਿਰਜਣਾ ਵੀ ਕਰਦੇ ਹਨ। ਉਨ੍ਹਾਂ ਨੂੰ ਸਕੂਲ ਸਮੇਂ ਤੋਂ ਹੀ ਪੰਜਾਬੀ ਸਾਹਿਤ ਨੂੰ ਪੜ੍ਹਨ ਦੀ ਚੇਟਕ ਲੱਗੀ। ਪੀ. ਏ. ਯੂ. ਲੁਧਿਆਣਾ ਦੀ ਯੰਗ ਰਾਈਟਰਜ਼ ਐਸੋਸੀਏਸ਼ਨਜ਼ ਦੇ ਵੀ ਆਪ ਸਰਗਰਮ ਮੈਂਬਰ ਰਹੇ ਹਨ

**ਸਵਿਟਜ਼ਰਲੈਂਡ**

**+41318485194**

## ਬੈਲਜ਼ੀਅਮ ਦੇ ਪੰਜਾਬੀ ਲੇਖਕ

**ਜੀਤ ਸੁਰਜੀਤ**



ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਠੱਟਾ ਨਵਾਂ ਦੀ ਜੰਮਪਲ ਜੀਤ ਸੁਰਜੀਤ ਨੇ ਪਿਛਲੇ  ਕਾਫ਼ੀ ਲੰਮੇ ਸਮੇਂ ਤੋਂ ਬੈਲਜੀਅਮ ਦੀ ਧਰਤੀ ਨੂੰ ਆਪਣਾ ਰੈਣ ਬਸੇਰਾ ਬਣਾਇਆ ਹੋਇਆ ਹੈ ਉਸਤਾਦ ਸ਼ਾਇਰਾਂ ਦੇ ਆਸ਼ੀਰਵਾਦ ਸਦਕਾ ਨਜ਼ਮ, ਗੀਤ, ਕਵਿਤਾ ਤੇ ਲੋਕ ਰੰਗ ਦੇ ਟੱਪਿਆਂ ਦਾ ਸਫ਼ਰ ਤੈਅ ਕਰਦੇ ਹੋਏ ਉਸ ਦਾ ਪਲੇਠਾ ਗ਼ਜ਼ਲ ਸੰਗ੍ਰਹਿ **ਕਾਗਜ਼ੀ ਕਿਰਦਾਰ** ਪ੍ਰਕਾਸ਼ਿਤ ਹੋਇਆ ਹੈ ਜਿਸ ਵਿਚਲੀਆਂ ਗ਼ਜ਼ਲਾਂ ਪੜ੍ਹਦਿਆਂ ਇਉਂ ਲੱਗਦਾ ਹੈ ਕਿ ਉਸ ਕੋਲ ਸ਼ਬਦ  ਵੀ ਹਨ ਤੇ ਉਨ੍ਹਾਂ ਨੂੰ ਕਲਾਤਮਿਕ ਤਰੀਕੇ ਨਾਲ ਕਹਿ ਸਕਣ ਲਈ ਸੁਹਜ ਤੇ ਸੁਰ ਵੀ। ਪ੍ਰਦੇਸੀ ਧਰਤੀ ਤੇ ਸਥਾਪਤੀ ਦੀ ਜਦੋਜਹਿਦ ਦੇ ਨਾਲ ਨਾਲ ਅਪਣੇ ਵਿਰਸੇ, ਵਿਰਾਸਤ ਤੇ ਸੱਭਿਆਚਾਰ ਦਾ ਸਾਹਿਤਕ ਹੋਕਾ ਦੇਣ ਵਾਲੀ ਜੀਤ ਸੁਰਜੀਤ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੀ, ਆਪਣੇ ਲੋਕਾਂ ਦੇ ਦਰਦ ਦੀ  ਬਾਤ ਪਾਉਂਦੀ ਹੈ। ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵੀ ਆਪਣੇ ਮੂਲ ਨਾਲ ਜੋੜਨ ਲਈ ਹੋਕਾ ਦੇਂਦੀ ਹੈ।

**ਬੈਲਜੀਅਮ**

**0032484480354**

# ਫਰਾਂਸ ਦੇ ਪੰਜਾਬੀ ਲੇਖਕ

## ਕੁਲਵੰਤ ਕੌਰ ਚੰਨ



ਪਿਛਲੇ 23 ਸਾਲਾਂ ਤੋਂ ਫਰਾਂਸ ਵੱਸਦੀ ਕੁਲਵੰਤ ਕੌਰ ਚੰਨ ਇਕ ਬਹੁਪੱਖੀ ਸ਼ਖ਼ਸੀਅਤ ਦਾ ਨਾਂ ਹੈ। ਉਹ ਸਮਾਜ ਸੇਵਿਕਾ ਵੀ ਹੈ, ਕਵਿੱਤਰੀ ਵੀ ਹੈ ਤੇ ਗਾਇਕਾ ਵੀ। ਉਸ ਦੀਆਂ ਤਿੰਨ ਕਾਵਿ ਪੁਸਤਕਾਂ ਬਿਰਹਾ ਦੇ ਸੱਲ, ਕਿਵੇਂ ਜਰਾਂ ਸੱਲ, ਸੁਰ ਸੰਗਮ ਦਾ ਸੁਮੇਲ ਅਤੇ ਛੇ ਸਾਂਝੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਬਾਰੇ ਦੂਰਦਰਸ਼ਨ ਜੰਮੂ ਤੇ ਜੇ. ਕੇ. ਚੈਨਲ ਵਲੋਂ ਕਈ ਡਾਕੂਮੈਂਟਰੀਆਂ ਬਣਾਈਆਂ ਜਾ ਚੁੱਕੀਆਂ ਹਨ। ਰੇਡੀਓ ਪੰਜਾਬ, ਰੇਡੀਓ ਲੰਡਨ, ਰੇਡੀਓ ਫਰਾਂਸ, ਜਰਮਨੀ ਰਾਬਤਾ ਰੇਡੀਓ ਆਸਟ੍ਰੇਲੀਆ ਆਦਿ ਤੇ ਵੀ ਉਸ ਨਾਲ ਲਈਆਂ ਇੰਟਰਵਿਊ ਬ੍ਰਾਡਕਾਸਟ ਹੋ ਚੁੱਕੀਆਂ ਹਨ। ਪਿਛਲੇ 22 ਸਾਲਾਂ ਤੋਂ ਫਰਾਂਸ ਵਿੱਚ ਪੰਜਾਬੀ ਗੁਰਮਤਿ ਕੈਂਪ ਲਗਾ ਰਹੀ ਹੈ। ਪੰਜਾਬੀ ਸੱਭਿਆਚਾਰ ਦੇ ਪ੍ਰਸਾਰ ਲਈ ਫਰਾਂਸ ਵਿੱਚ ਵੱਸਦੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਲੋਕ ਗੀਤ, ਸੁਹਾਗ, ਘੋੜੀਆਂ, ਸਿੱਠਣੀਆਂ ਤੇ ਪੰਜਾਬੀ ਲੋਕ ਨਾਚ ਭੰਗੜਾ ਸਿਖਾਉਣ ਦੀ ਕੋਸ਼ਿਸ਼ ਕਰਦੀ ਹੈ। ਹਰ ਸ਼ਨੀਵਾਰ ਗੁਰਦਵਾਰਾ ਸਾਹਿਬ ਵਿਚ ਪੰਜਾਬੀ ਦੀਆਂ ਕਲਾਸਾਂ ਲਗਾ ਕੇ ਮਾਂ ਬੋਲੀ ਦੀ ਸੇਵਾ ਕਰ ਰਹੀ ਹੈ। ਕੁਲਵੰਤ ਕੌਰ ਚੰਨ ਨੂੰ ਕਨੇਡਾ ਤੋਂ Best Punjabi woman France ਐਵਾਰਡ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਕੌਂਸਲ ਆਫ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਦੀ ਪ੍ਰੈਜ਼ੀਡੈਂਟ ਦੇ ਤੌਰ ਤੇ ਵੀ ਕਾਰਜਸ਼ੀਲ ਹੈ। ਓਨਟਾਰੀਓ ਫਰੈਂਡਜ ਕਲੱਬ ਕਨੇਡਾ ਦੀ ਮਹਿਲਾ ਵਿੰਗ ਤੇ ਮਹਿਲਾ ਕਾਵਿ ਮੰਚ ਫਰਾਂਸ ਪੈਰਿਸ ਇਕਾਈ ਦੀ ਵੀ ਪ੍ਰੈਜ਼ੀਡੈਂਟ ਹੈ। ਬਹੁਤ ਹੀ ਨਿੱਘੇ ਸੁਭਾਅ ਵਾਲੀ ਕੁਲਵੰਤ ਕੌਰ ਚੰਨ ਸੋਹਣੀ ਗਾਇਕੀ ਤੇ ਬੁਲੰਦ ਕਲਮ ਦੀ ਮਾਲਕ ਹੈ। ਆਪਣੀ ਪੰਜਾਬ ਦੀ ਧਰਤੀ ਤੇ ਮਾਂ ਬੋਲੀ ਪੰਜਾਬੀ ਦੀ ਖ਼ੁਸ਼ਬੋ ਉਸਦੇ ਰੋਮ ਰੋਮ ਵਿੱਚ ਵੱਸੀ ਹੋਈ ਹੈ। ਉਸ ਦੀਆਂ ਸਮੁੱਚੀਆਂ ਗਤੀਵਿਧੀਆਂ ਤੇ ਉਨ੍ਹਾਂ ਨੂੰ ਮਿਲੇ ਮਾਣ ਸਨਮਾਨ ਤੇ ਨਜ਼ਰ ਮਾਰੀਏ ਤਾਂ ਸਹਿਜੇ ਹੀ ਉਨ੍ਹਾਂ ਦੀ ਕਰਮਸ਼ੀਲਤਾ ਨੂੰ ਸਲਾਮ ਕਰਨ ਨੂੰ ਮਨ ਕਰਦਾ ਹੈ ।

**ਫਰਾਂਸ**

**7006001635**

**ਅੰਜੂ ਪ੍ਰੋਬੱਸਟ**



ਅੰਜੂ ਪ੍ਰੋਬੱਸਟ ਪਿਛਲੇ 26 ਸਾਲ ਤੋਂ ਪੈਰਿਸ ’ਚ ਰਹਿ ਰਹੀ ਹਾਂ। ਪੰਜਾਬ ਦੇ ਸ਼ਹਿਰ ਲੁਧਿਆਣਾ ਦੀ ਜੰਮਪਲ ਅੰਜੂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਸੋਰਬੋਨ ਯੂਨੀਵਰਸਿਟੀ ਪੈਰਿਸ ਤੋਂ ਉਚੇਰੀ ਪੜ੍ਹਾਈ ਕੀਤੀ ਹੈ। ਉਸ ਦੀ ਨਾਗਰਿਕਤਾ ਅਤੇ ਹਮਸਫਰ ਦੋਵੇ ਫ੍ਰਾਂਸਿਸੀ ਹਨ। ਉਹ ਫ੍ਰੀਲਾਂਸ ਪੱਤਰਕਾਰ ਅਤੇ ਸੋਸ਼ਲ ਐਕਟੀਵਿਸਟ ਵਜੋਂ ਫਰਾਂਸ ਵਿਚ ਕਾਰਜਸ਼ੀਲ ਹੈ। ਪੰਜਾਬੀ ’ਚ ਕਹਾਣੀਆਂ ਅਤੇ ਆਰਟੀਕਲ ਲਿਖਦੀ ਹੈ, ਉਸ ਦੀਆਂ ਲਿਖਤਾਂ ਕਈ ਰਸਾਲਿਆਂ ਅਤੇ ਅਖ਼ਬਾਰਾਂ ’ਚ ਛੱਪ ਚੁੱਕੀਆਂ ਹਨ। ਉਸਦਾ ਸੋਲੋ ਐਕਟ ਨਾਟਕ ‘ਬਦਲ ਦਿਉ’ ਜੋ ਸ਼ਹੀਦ ਭਗਤ ਸਿੰਘ ’ਤੇ ਹੈ ਅਤੇ ਜਿਸ ਨੂੰ ਜਸਮੀਤ ਆਜ਼ਾਦ ਨੇ ਲਿਖਿਆ ਹੈ, ਇਹ ਨਾਟਕ, ਇੰਗਲੈਂਡ ਦੇ ਸ਼ਹਿਰਾਂ, ਲੰਡਨ ਯੂਨੀਵਰਸਿਟੀ ਅਤੇ ਗ੍ਰੇ ਸ਼ਹਿਰ ਵਿਚ ਕਈ ਵਾਰ ਖੇਡਿਆ ਗਿਆ।

**ਫਰਾਂਸ**

**anjuprobust@gmail.com**

**ਸੁਖਵੀਰ ਸਿੰਘ ਸੰਧੂ**



ਸੁਖਵੀਰ ਸਿੰਘ ਸੰਧੂ ਅਲਕੜਾ ਪੈਰਿਸ, ਫਰਾਂਸ ਵਿਚ ਪਿਛਲੇ 42 ਸਾਲਾਂ ਤੋਂ ਪਰਿਵਾਰ ਸਮੇਤ ਰਹਿ ਰਿਹਾ ਹੈ। ਪੰਜਾਬੀ ਸਾਹਿਤ ਨਾਲ ਮੁਹਬੱਤ ਰੱਖਣ ਵਾਲੇ ਸੁਖਵੀਰ ਸੰਧੂ ਦੀਆਂ ਕਈ ਕਹਾਣੀਆਂ, ਲੇਖ ਤੇ ਕਵਿਤਾਵਾਂ ਦੇਸ਼ ਵਿਦੇਸ਼ ਦੀਆਂ ਅਖਬਾਰਾਂ ਵਿੱਚ ਛਪ ਚੁੱਕੇ ਹਨ। ਪੈਰਿਸ ਵਿੱਚ (ਪੰਜਾਬੀ ਸਾਹਿਤ ਸਭਾ ਪੈਰਿਸ (ਰਜ਼ਿ) ਵਿੱਚ ਉਹ ਜਨਰਲ ਸੈਕਟਰੀ ਵਜੋਂ ਸੇਵਾ ਨਿਭਾਅ ਰਹੇ ਹਨ। ਇਹਨਾਂ ਦੀ ਲੇਖ, ਕਹਾਣੀਆਂ ਦੀ ਕਿਤਾਬ **(ਮੈਂ ਇੰਡੀਆ ਜਾਣੈ ਪਲੀਜ਼)** ਪ੍ਰਕਾਸ਼ਿਤ ਹੋ ਚੁੱਕੀ ਹੈ।

**ਪੈਰਿਸ, ਫਰਾਂਸ**

**+33616312114**

**ਸ. ਰਣਜੀਤ ਸਿੰਘ ਚੰਨ**



ਜੰਮੂ ਦੇ ਜੰਮਪਲ ਰਣਜੀਤ ਸਿੰਘ ਚੰਨ ਅੱਜਕੱਲ੍ਹ ਫ਼ਰਾਂਸ ਰਹਿ ਰਹੇ ਹਨ ਉਸ ਪ੍ਰਸਿੱਧ ਕਵਿਤਰੀ ਕੁਲਵੰਤ ਕੌਰ ਚੰਨ ਦੇ ਜੀਵਨਸਾਥੀ ਹਨ। ਉਹਨਾਂ ਦੀਆਂ ਕਵਿਤਾਵਾਂ, ਗੀਤ ਤੇ ਲੇਖ ਅਕਸਰ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪਦੇ ਰਹਿੰਦੇ ਹਨ।

**ਫਰਾਂਸ**

**ਸੁਖਦੇਵ ਗੋਗੀ (ਪੱਲੀ ਝਿੱਕੀ)**



ਸੁਖਦੇਵ ਗੋਗੀ ਪੱਲੀ ਝਿੱਕੀ ਜ਼ਿਲਾ ਨਵਾਂ ਸ਼ਹਿਰ ਦੇ ਪਿੰਡ ਪੱਲੀ ਝਿੱਕੀ ਦਾ ਜੰਮਪਲ ਤੇ ਮਾਤਾ ਵਿੱਦਿਆ ਦੇਵੀ ਤੇ ਪਿਤਾ ਉਮਰ ਚੰਦ ਦੇ ਸਪੁੱਤਰ ਹਨ। ਪਿਛਲੇ ਤਿੰਨ ਦਹਾਕਿਆਂ ਤੋਂ ਅਜੂਬਾ ਆਈਫਲ ਟਾਵਰ ਦੇ ਨਾਂ ਨਾਲ ਜਾਣੇ ਜਾਂਦੇ ਦੇਸ਼ ਫਰਾਂਸ ਦੇ ਵਾਸੀ ਹਨ। ਉਹ ਚਰਚਿਤ ਗੀਤਕਾਰ ਹਰਦੇਵ ਦਿਲਗੀਰ ਤੇ ਦੇਵ ਥਰੀਕੇ ਵਾਲੇ ਦੀ ਕਲਮ ਤੋਂ ਪ੍ਰਭਾਵਿਤ ਹੋ ਕੇ ਗੀਤਕਾਰ ਬਣਿਆ। ਹੁਣ ਤੱਕ ਉਹ ਸੈਂਕੜੇ ਗੀਤਾਂ ਦੀ ਰਚਨਾ ਕਰ ਚੁੱਕਿਆ ਹੈ ਤੇ ਪੰਜਾਬ ਦੇ ਕਈ ਨਾਮਵਰ ਗਾਇਕਾਂ ਨੇ ਉਸ ਦੇ ਲਿਖੇ ਗੀਤਾਂ ਨੂੰ ਆਵਾਜ਼ ਦਿੱਤੀ ਹੈ। ਉਸਨੂੰ ਆਸ ਹੈ ਕਿ ਉਸ ਦੁਆਰਾ ਲਿਖੇ ਜਾ ਰਹੇ ਧਾਰਮਿਕ ਗੀਤ ਵੀ ਆਪਣੀ ਅਲੱਗ ਪਛਾਣ ਕਾਇਮ ਕਰਨਗੇ।

**ਫਰਾਂਸ**

**+33615076709**

**ਮੇਵਾ ਸਿੰਘ**



ਲੁਧਿਆਣਾ ਜ਼ਿਲ੍ਹੇ ਦੇ ਬਲਾਕ ਸਮਰਾਲਾ ਦੇ ਪਿੰਡ ਲੱਲ ਕਲਾਂ ਦੇ ਜੰਮਪਲ ਮੇਵਾ ਸਿੰਘ ਸਾਲ 2000 ਤੋਂ ਫਰਾਂਸ ਰਹਿ ਰਹੇ ਹਨ। ਪਿਛਲੇ ਲਗਪਗ ਪੈਂਤੀ ਸਾਲਾਂ ਤੋਂ ਸਾਹਿਤ ਪੜ੍ਹਨ ਤੇ ਲਿਖਣ ਦੀ ਚੇਟਕ ਪੈਦਾ ਹੋਈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਆਪਣੀ ਮਾਤ ਭੂਮੀ ਪੰਜਾਬ ਤੇ ਮਾਤ ਭਾਸ਼ਾ ਪੰਜਾਬੀ ਪ੍ਰਤੀ ਪਿਆਰ ਝਲਕਦਾ ਹੈ।

**ਫਰਾਂਸ**

**0033664410455**

## ਪੁਰਤਗਾਲ ਦੇ ਪੰਜਾਬੀ ਲੇਖਕ

### ਦੁੱਖਭੰਜਨ ਰੰਧਾਵਾ



ਦੁੱਖਭੰਜਨ ਰੰਧਾਵਾ ਦਾ ਜਨਮ ਗੁਰੂ ਨਾਨਕ ਪਾਤਸ਼ਾਹ ਜੀ ਦੀ ਚਰਨ ਛੋਹ ਧਰਤੀ ਤੇ ਸ਼ਿਵ ਕੁਮਾਰ ਬਟਾਲਵੀ ਦੀ ਧਰਤ ਬਟਾਲਾ ਵਿਖੇ ਪਿਤਾ ਸ. ਜਸਬੀਰ ਸਿੰਘ ਮਾਤਾ ਸਰਦਾਰਨੀ ਗੁਰਦੀਸ਼ ਕੌਰ ਦੇ ਘਰ ਹੋਇਆ। ਉਸਦਾ ਪਹਿਲਾ ਸ਼ੌਂਕ ਵਧੀਆ ਗਾਇਕ ਬਣਨਾ ਸੀ ਤੇ ਵਧੀਆ ਲੇਖਕ ਬਣਨਾ ਪ੍ਰੰਤੂ ਇਹਨਾਂ ਦੋਵਾਂ ਵਿੱਚੋਂ ਇੱਕ ਹੀ ਪੂਰਾ ਹੋ ਸਕਿਆ ਲੇਖਕ ਬਣਨ ਦਾ। ਉਸ ਦੀ ਪੁਸਤਕ **ਰਾਹ ਜਾਂਦਾ ਫ਼ਕੀਰ** ਨੂੰ ਪੰਜਾਬੀ ਪਾਠਕਾਂ ਨੇ ਕਾਫ਼ੀ ਸਲਾਹਿਆ ਹੈ। ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਹਿੱਤ ਕੋਈ ਦੋ ਕੁ ਸਾਲ ਪਹਿਲਾਂ ਉਸਨੇ ਪੰਜਾਬੀ ਦੀ ਸ਼ਾਇਰਾ ਸਿਮਰਨ ਧੁੱਗਾ ਨਾਲ 'ਸ਼ਬਦ ਕਾਫ਼ਲਾ' ਨਾਮ ਦਾ ਯੂਟਿਊਬ ਚੈਨਲ ਲਾਂਚ ਕੀਤਾ ਜਿਸ ਉੱਤੇ ਪੰਜਾਬੀ ਦੇ ਸਿਰਮੌਰ ਸ਼ਾਇਰਾਂ ਦੇ ਕਲਾਮ ਦਰਸ਼ਕਾਂ ਦੇ ਰੂ-ਬ-ਰੂ ਕਰਨੇ ਸ਼ੁਰੂ ਕੀਤੇ ਅਤੇ ਫੇਰ ਸ਼ਬਦ 'ਕਾਫ਼ਲਾ' ਨਾਮ ਦਾ ਔਨਲਾਈਨ ਮੈਗਜ਼ੀਨ ਵੀ ਪ੍ਰਕਾਸ਼ਿਤ ਕਰਨਾ ਸ਼ੂਰੂ ਕਰ ਦਿੱਤਾ। ਅੱਜ ਇਹਨਾਂ ਦੀ ਟੀਮ ਵਿਚ ਅਮਨਬੀਰ ਸਿੰਘ ਧਾਮੀ ਸਾਊਥ ਕੋਰੀਆ ਤੋਂ ਕੋਆਡੀਨੇਟਰ ਵਜੋਂ ਅਤੇ ਸਿਮਰਨ ਸਿੰਮੀ ਟੈਕਨੀਕਲ ਅਫ਼ਸਰ ਵਜੋਂ ਕੰਮ ਕਰ ਰਹੇ ਹਨ।

**ਪੁਰਤਗਾਲ**

**+351920036369**

### ਗੁਰਜੀਤ ਸਿੰਘ ਵੈਰੋਵਾਲ



ਗੁਰਜੀਤ ਸਿੰਘ ਪਿੰਡ ਵੈਰੋਵਾਲ ਜ਼ਿਲ੍ਹਾ ਤਰਨਤਾਰਨ ਦਾ ਜੰਮਪਲ ਹੈ। ਉਸਨੇ ਆਪਣੀ ਮੁੱਢਲੀ ਸਿੱਖਿਆ ਵੈਰੋਵਾਲ ਤੇ ਗੋਇੰਦਵਾਲ ਸਾਹਿਬ ਤੋਂ ਪ੍ਰਾਪਤ ਕੀਤੀ ਤੇ ਫਿਰ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਤੋਂ ਪ੍ਰਚਾਰਕ ਦਾ ਡਿਪਲੋਮਾ ਕੀਤਾ। ਅੱਜਕੱਲ੍ਹ ਪੁਰਤਗਾਲ ਵਾਸੀ ਹੈ। ਇਨ੍ਹਾਂ ਦਾ ਇਕ ਕਾਵਿ-ਸੰਗ੍ਰਿਹ 'ਲਾਵਾਰਿਸ ਲਾਸ਼ ਦੀ ਪੁਕਾਰ' ਪ੍ਰਕਾਸ਼ਿਤ ਹੋ ਚੁੱਕਾ ਹੈ। ਲੋਕ ਰੰਗ ਦੀ ਕਵਿਤਾ ਲਿਖਣ ਵਿਚ ਵੈਰੋਵਾਲ ਕਮਾਲ ਹੈ

**ਪੁਰਤਗਾਲ**

**+4368864103404**

## ਗੁਰਪ੍ਰੀਤ ਕੌਰ ਗੈਦੂ



ਗੁਰਪ੍ਰੀਤ ਕੌਰ ਗੈਦੂ 2008 ਤੋਂ ਗਰੀਸ ਵਿਖੇ ਅਧਿਆਪਨ ਦੀਆਂ ਸੇਵਾਵਾਂ ਨਿਭਾਅ ਰਹੇ ਹਨ। ਜਪਾਨੀ ਕਾਵਿ ਵਿਧਾ ’ਤੇ ਆਧਾਰਿਤ ਇਹਨਾਂ ਦਾ ਇਕ ਸਾਂਝਾ ਕਾਵਿ ਸੰਗ੍ਰਿਹ ‘ਇਕੋ ਰਾਹ ਦੇ ਪਾਂਧੀ’ ਅਤੇ ਮੌਲਿਕ ਕਾਵਿ ਸੰਗ੍ਰਹਿ ‘ਅਰਜ਼ੋਈ’ ਪ੍ਰਕਾਸ਼ਿਤ ਹੋ ਚੁਕਿਆ ਹੈ ਅਤੇ ਬਹੁਤ ਜਲਦ ਹੀ ਇਹਨਾਂ ਦੀ ਇਕ ਹੋਰ ਪੁਸਤਕ ਪ੍ਰਕਾਸ਼ਿਤ ਹੋਣ ਜਾ ਰਹੀ ਹੈ। ਅਮਰੀਕਾ ਤੋਂ ਛਪਣ ਵਾਲੇ ਸਾਹਿਤਕ ਰਸਾਲਿਆਂ ਵਿਚ ਇਹਨਾਂ ਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ। ਜਾਪਾਨੀ ਕਾਵਿ ਵਿਧਾ ਤੇ ਆਧਾਰਿਤ ਹੀ ਦੋ ਪੁਸਤਕਾਂ ਤਾਂਕਿਆਂ ਦੀ ਕਿਤਾਬ ਹੈ ਤੇ ‘ਬੂੰਦ ਬੂੰਦ ਸਮੁੰਦਰ’ ਵੀ ਪਾਠਕਾਂ ਦੇ ਰੂ ਬ ਰੂ ਕਰ ਚੁੱਕੀ ਹੈ। ਇੱਕ ਕਿਤਾਬ ਪੰਜਾਬੀ ਸ਼ਰੋਮਣੀ ਲਿਖਾਰੀ ਸਭਾ, ਚੰਡੀਗੜ੍ਹ ਵੱਲੋਂ ਛਪ ਰਹੀ ਹੈ, ‘ਨਵੀਆਂ ਕਲਮਾਂ’, ਇਹ ਵੀ ਇੱਕ ਸਾਂਝਾ ਕਾਵਿ ਸੰਗ੍ਰਹਿ ਹੈ। ਗਗਨ ਰੇਡੀਓ ਅੰਬਰ ਰੇਡੀਓ, ਸਾਂਝੀ ਆਵਾਜ਼ ਰੇਡੀਓ, ਮੈਲਬੌਰਨ ਨਾਲ ਵੀ ਉਹ ਲਗਾਤਾਰ ਜੁੜੀ ਹੋਈ ਹੈ।ਸੱਤ ਸਮੁੰਦਰੋਂ ਪਾਰ ਗ਼ਲੋਬਲ ਮੈਗਜ਼ੀਨ, ‘ਪੰਜਾਬੀ ਮਾਂ’ ਮੈਗਜ਼ੀਨ ਵਿਚ ਵੀ ਅਕਸਰ ਗੈਦੂ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ ਬਹੁਤ ਜਲਦ ਮੌਲਿਕ ਕਹਾਣੀ ਸੰਗ੍ਰਹਿ ਪਾਠਕਾਂ ਸਨਮੁਖ ਕਰੇਗੀ।

**ਗੁਰਪ੍ਰੀਤ ਕੌਰ ਗੈਦੂ**

**ਗਰੀਸ**

**+306907644282**

# ਸਪੇਨ ਦੇ ਪੰਜਾਬੀ ਲੇਖਕ

## ਦਾਦਰ ਪੰਡੋਰਵੀ



ਫ਼ਗਵਾੜਾ ਦੇ ਪਿੰਡ ਪੰਡੋਰੀ ਦੇ ਜੰਮਪਲ ਦਾਦਰ ਪੰਡੋਰਵੀ ਦੀ ਰਿਹਾਇਸ਼ ਅੱਜਕਲ ਬਾਰਸੀਲੋਨਾ ਸਪੇਨ ਵਿਖੇ ਹੈ। ਉਸਦੇ ਤਿੰਨ ਗ਼ਜ਼ਲ ਸੰਗ੍ਰਹਿ **ਅੰਦਰ ਦਾ ਸਫ਼ਰ, ਆਲ੍ਹਣਿਆਂ ਦੀ ਚਿੰਤਾ, ਖੰਭਾਂ ਥੱਲੇ ਅੰਬਰ** ਪ੍ਰਕਾਸ਼ਿਤ ਹੋ ਚੁੱਕੇ ਹਨ। ਦਾਦਰ ਪੰਡੋਰਵੀ ਦੀ ਸ਼ਾਇਰੀ ਵਕਤ ਦੀ ਵਰਤਮਾਨ ਤਰਜ਼-ਤਾਸੀਰ ਨੂੰ ਬਾਖ਼ੂਬੀ ਦਰਸਾਉਂਦੀ ਹੈ। ਨਿੱਜ ਨੂੰ ਪਾਰ ਕਰ ਕੇ ਸਮੂਹ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਉਸਦੀ ਸ਼ਾਇਰੀ ਦੇ ਕੇਂਦਰ ਵਿਚ ਜ਼ਿਆਦਾਤਰ ਸਮਾਜਿਕ ਤੇ ਰਾਜਨੀਤਿਕ ਮਸਲੇ ਹਨ।

**ਬਾਰਸੀਲੋਨਾ, ਸਪੇਨ**
**0034602153704**
**rkdadar69@gmail.com**

## ਅਰਸ਼ਦ ਅਵਾਨ ਬਾਰਸੀਲੋਨਾ



ਯੂਰਪ ਦੇ ਇੱਕ ਵੱਡੇ ਅਤੇ ਸੁੰਦਰ ਟਾਪੂਆਂ ਵਾਲੇ ਦੇਸ਼ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿੱਚ ਰਹਿ ਰਹੇ ਪੰਜਾਬੀ ਦੇ ਸ਼ਾਇਰ ਅਰਸ਼ਦ ਅਵਾਨ ਬਹੁਤ ਪ੍ਰਭਾਵਸ਼ਾਲੀ ਸ਼ਾਇਰੀ ਕਰਨ ਵਾਲੇ ਸ਼ਾਇਰ ਹਨ। ਉਹਨਾਂ ਦਾ ਜਨਮ ਪਾਕਿਸਤਾਨ ਵਿੱਚ ਪਿੰਡ ਹਰਪਾਲ, ਸਿਆਲਕੋਟ ਵਿੱਚ ਹੋਇਆ। ਉਹਨਾਂ ਨੇ ਮੁੱਢਲੀ ਸਿੱਖਿਆ ਗੌਰਮਿੰਟ ਹਾਈ ਸਕੂਲ ਮਰਾਝਕੇ ਸਿਆਲਕੋਟ ਤੋਂ ਕੀਤੀ ਹੈ। ਹੁਣ ਤੱਕ ਆਪ ਜੀ ਦੀ ਸ਼ਾਇਰੀ ਦੀਆਂ ਦੋ ਕਿਤਾਬਾਂ ਛਪ ਚੁੱਕੀਆਂ ਹਨ। ਜਿਹਨਾਂ ਦੇ ਨਾਂ ਬੁੱਲ੍ਹੇ ਦਾ ਪੰਜਾਬ ਅਤੇ ਬੋਲ ਫ਼ਕੀਰਾ ਹਨ। ਆਪ ਜੀ ਸਪੇਨ ਦੇ ਸ਼ਹਿਰ ਬਾਰਸੀਲੋਨਾ ਸਾਹਿਤਕ ਸਭਾ ਕਲਮ ਕਾਫ਼ਲਾ ਨਾਲ ਜੁੜੇ ਹੋਏ ਹਨ।

**ਸਪੇਨ**

## ਬਿੱਟੂ ਮਹਿਤਪੁਰੀ



ਬਿੱਟੂ ਮਹਿਤਪੁਰੀ ਦਾ ਪਿਛੋਕੜ ਲੰਮਾ ਪਿੰਡ ਜਲੰਧਰ ਦਾ ਹੈ। ਸਾਹਿਤਕ ਜਗਤ ਵਿਚ ਇਹਨਾਂ ਦੀ ਪਛਾਣ ਗੀਤਕਾਰ ਤੇ ਕਵੀ ਵਜੋਂ ਹੈ। ਉਸਦਾ ਇਕ ਮੌਲਿਕ ਕਾਵਿ ਸੰਗ੍ਰਹਿ 'ਭੀਮ ਯੁੱਗ ਆਇਆ' ਅਤੇ ਇਕ ਸੰਪਾਦਿਤ ਕਾਵਿ ਸੰਗ੍ਰਹਿ 'ਅੱਗ ਦਾ ਫੁੱਲ' ਪ੍ਰਕਾਸ਼ਿਤ ਹੋ ਚੁੱਕੇ ਹਨ। ਕੁਝ ਸਾਂਝੇ ਕਾਵਿ ਸੰਗ੍ਰਹਿ 'ਸ਼ਬਦਾਂ ਦੀ ਲੋਅ' ਅਤੇ 'ਸਾਂਝਾ ਪਿਆਰ ਦੀਆਂ' ਸਾਹਿਤਕ ਗਰੁੱਪ ਵਲੋਂ ਸੰਪਾਦਿਤ ਪੁਸਤਕ 57 ਸ਼ਾਇਰਾਂ ਦਾ ਕਾਵਿ ਸਮੁੰਦਰ ਵਿੱਚ ਵੀ ਇਹਨਾਂ ਦੀਆਂ ਰਚਨਾਵਾਂ ਛਪ ਚੁੱਕੀਆਂ ਹਨ। ਅੰਤਰਰਾਸ਼ਟਰੀ ਪੱਧਰ ਤੇ ਛਪਦੇ ਪੰਜਾਬੀ ਰਸਾਲੇ ਤੇ ਅਖਬਾਰਾਂ ਵਿਚ ਵੀ ਇਨ੍ਹਾਂ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ ਅਤੇ ਇਹਨਾਂ ਵਲੋਂ ਲਿਖੇ ਕਰੀਬ ਪੰਜ ਦਰਜਨ ਗੀਤ ਹੁਣ ਤਕ ਰੀਕਾਰਡ ਹੋ ਚੁੱਕੇ ਹਨ।

**ਸਪੇਨ**

**+34641890861**

**mehatpuribittu@gmail.com**

# ਸਵੀਡਨ ਦੇ ਪੰਜਾਬੀ ਲੇਖਕ

## ਨਿੰਦਰ ਗਿੱਲ



ਨਿੰਦਰ ਗਿੱਲ ਪੰਜਾਬੀ ਕਹਾਣੀਕਾਰ ਅਤੇ ਨਾਵਲਕਾਰ ਹੈ। ਉਹ ਪੰਜਾਬ ਦੇ 1980ਵਿਆਂ ਦੇ ਸੰਕਟ ਦੇ ਦਿਨਾਂ ਨੂੰ ਆਪਣੇ ਕੁਝ ਨਾਵਲਾਂ ਵਿੱਚ ਚਿਤਰਣ ਦੇ ਤਕੜੇ ਉੱਪਰਾਲੇ ਕਰ ਕੇ ਜਾਣਿਆ ਜਾਂਦਾ ਹੈ। ਇਨ੍ਹਾਂ ਦਾ ਜਨਮ ਪਿੰਡ ਜੰਡਾਲੀ, ਤਹਿਸੀਲ ਪਾਇਲ, ਲੁਧਿਆਣਾ ਵਿਚ ਹੋਇਆ। ਇਨ੍ਹਾਂ ਦੇ ਰਚਿਤ ਨਾਵਲ ਹਨ: ਪੈਂਡੇ, ਪੰਜਾਬ 84, ਚੋਣ ਹਲਕਾ ਪਾਇਲ, ਦਹਿਸ਼ਤ ਦੇ ਦਿਨਾਂ ਵਿਚ, ਵਿੱਚ ਵਿਚਾਲ, ਉਹ ਤਿੰਨ ਦਿਨ, ਸਹਿਮਤੀ ਤੋਂ ਬਾਅਦ, ਜ਼ਿੰਦਗੀ ਦੇ ਇਸ਼ਤਿਹਾਰ ਅਤੇ ਸੁੰਨ ਸਰਾਂ। ਅਸੀਂ ਜਿਉਂਦੇ ਅਸੀਂ ਜਾਗਦੇ ਪੁਸਤਕ ਜੋ (ਤਰਲੋਚਨ ਝਾਂਡੇ ਨਾਲ ਮਿਲ ਕੇ ਸੰਪਾਦਿਤ ਕੀਤੀ ਹੈ) ਵੀ ਪ੍ਰਕਾਸ਼ਿਤ ਹੋ ਚੁੱਕੀ ਹਨ।

**ਸਵੀਡਨ**

# ਡੈਨਮਾਰਕ ਦੇ ਪੰਜਾਬੀ ਲੇਖਕ

## ਜ਼ਫਰ ਅਵਾਨ





ਯੂਰਪ ਦੇ ਸਭ ਤੋਂ ਸੋਹਣੇ ਦੇਸ਼ਾਂ ਵਿੱਚੋਂ ਇੱਕ ਜਿਹੇ ਛੋਟੇ ਮੁਲਕ ਡੈਨਮਾਰਕ ਵਿੱਚ ਰਹਿ ਰਹੇ ਪੰਜਾਬੀ ਤੇ ਉਰਦੂ ਦੇ ਸ਼ਾਇਰ ਜਫ਼ਰ ਅਵਾਨ ਬਹੁਤ ਪ੍ਰਭਾਵਸ਼ਾਲੀ ਸ਼ਾਇਰੀ ਕਰਨ ਵਾਲੇ ਸ਼ਾਇਰ ਹਨ। ਉਹਨਾਂ ਦਾ ਜਨਮ ਪਾਕਿਸਤਾਨ ਵਿੱਚ ਪਿੰਡ ਹਰਪਾਲ, ਸਿਆਲਕੋਟ ਵਿੱਚ ਪਹਿਲੀ ਜਨਵਰੀ 1982 ਨੂੰ ਹੋਇਆ। ਉਹਨਾਂ ਨੇ ਮੁੱਢਲੀ ਸਿੱਖਿਆ ਸਿਆਲਕੋਟ, ਐਫ. ਐਸ. ਸੀ. ਜਿਨਾਹ ਇਸਲਾਮੀਆ ਗੋਰਮਿੰਟ ਕਾਲਜ ਸਿਆਲਕੋਟ, ਬੀ. ਐਸ. ਸੀ. ਕੰਪਿਊਟਰ ਲਾਹੌਰ ਯੂਨੀਵਰਸਿਟੀ, ਐਮ. ਐਸ. ਸੀ. ਸਵੀਡਨ ਯੂਨੀਵਰਸਿਟੀ ਤੋਂ ਕੀਤੀ ਹੈ। ਹੁਣ ਤੱਕ ਉਹਨਾਂ ਦੀਆਂ ਸ਼ਾਇਰੀ ਦੀਆਂ ਸੱਤ ਕਿਤਾਬਾਂ ਛਪ ਚੁੱਕੀਆਂ ਹਨ। ਜਿਹਨਾਂ ਵਿੱਚ ਚਾਰ ਪੰਜਾਬੀ ਤੇ ਤਿੰਨ ਉਰਦੂ ਵਿੱਚ ਹਨ। ਪੰਜਾਬੀ ਦੀਆਂ ਕਿਤਾਬਾਂ ਵਿੱਚ **ਜ਼ਿਮੀ ਸੱਧਰਾਂ ਦੀ, ਉਮਰਾਂ ਦੇ ਖੂਹ, ਕੰਧਾਂ ਉੱਤੇ ਘਾਹ, ਵਾਸ਼ਨਾ ਅਤੇ ਉਰਦੂ ਵਿੱਚ ਆਰਜ਼ੂ ਏ ਸਹਿਰ, ਮੁਹਾਜਰ ਪਰਿੰਦੇ, ਧੀਮੀ ਅਜ਼ਾਨੇ** ਆਦਿ ਹਨ। ਪ੍ਰਦੇਸ ਵਿੱਚ ਰਹਿੰਦਿਆਂ ਵੀ ਆਪਣੀ ਬੋਲੀ ਤੇ ਸਾਹਿਤ ਪ੍ਰਤੀ ਸੁਹਿਰਦ ਹੋ ਕੇ ਕੰਮ ਕਰ ਰਹੇ ਹਨ। ਇਸੇ ਤਹਿਤ ਉੱਥੇ ਸਾਹਿਤਕ ਭਾਈਚਾਰੇ ਨਾਲ ਮਿਲ ਕੇ ਇੱਕ ਸਭਾ ਦਾ ਗਠਨ ਵੀ ਕੀਤਾ ਹੈ। ਜਿਸਦਾ ਨਾਂ 'ਅਦਬੀ ਉ ਸਕਾਫ਼ਤੀ ਤਨਜ਼ੀਮ ਬੇਲੀ' ਕੋਪਨਹੈਗਨ ਡੈਨਮਾਰਕ ਹੈ, ਜਿਸਦੇ ਜਫ਼ਰ ਅਵਾਨ ਪ੍ਰਧਾਨ ਵੀ ਰਹਿ ਚੁੱਕੇ ਹਨ। ਉਹਨਾਂ ਦੇ ਗਜ਼ਲ ਸੰਗ੍ਰਹਿ 'ਕੰਧਾਂ ਉੱਤੇ ਘਾਹ' ਨੂੰ 'ਅਲੀ ਅਰਸ਼ਦ ਮੀਰ' ਅਵਾਰਡ ਪ੍ਰਾਪਤ ਹੋ ਚੁੱਕਾ ਹੈ। ਇਸਦੇ ਇਲਾਵਾ ਉਹਨਾਂ ਨੂੰ ਦਿਲ ਦਰਿਆ ਪਾਕਿਸਤਾਨ ਐਵਾਰਡ , ਸਾਂਈ ਹਯਾਤ ਪਸਰੂਰੀ ਐਵਾਰਡ, ਨਕੀਬੀ ਕਾਰਵਾਨੇ ਅਦਬ ਐਵਾਰਡ , ਸੋਚ ਐਵਾਰਡ, ਕਾਰ ਏ ਖ਼ੈਰ ਪਾਕਿਸਤਾਨ ਐਵਾਰਡ ਨਾਲ ਸਮੇਂ ਸਮੇਂ ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ।

**ਡੈਨਮਾਰਕ**


**+4571723350**



(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)
ਪਰਵਾਸ
ਜੁਲਾਈ-ਸਤੰਬਰ 2019
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ



ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਅਕਤੂਬਰ-ਦਸੰਬਰ 2019
ਪਰਵਾਸ
ਗੁਰੂ ਨਾਨਕ ਵਿਸ਼ੇਸ਼ ਅੰਕ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ



(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)
ਜਨਵਰੀ-ਮਾਰਚ 2020
ਪਰਵਾਸ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ



ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਅਪ੍ਰੈਲ-ਜੂਨ 2020
ਪਰਵਾਸ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਜੁਲਾਈ-ਸਤੰਬਰ 2020
ਪਰਵਾਸ
ਸਾਗਰ ਮਹਿ ਬੂੰਦ
ਬੂੰਦ ਮਹਿ ਸਾਗਰ
ਕਵਣੁ ਬੁਝੈ ਬਿਧਿ ਜਾਣੈ ॥
ਚਿੱਤਰਕਾਰ:
ਡਾ. ਜਸ ਕੌਰ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ



ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਅਕਤੂਬਰ-ਦਸੰਬਰ 2020
ਪਰਵਾਸ
ਚਿੱਤਰਕਾਰ:
ਮਿਹਰ ਸਿੰਘ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਜਨਵਰੀ-ਮਾਰਚ 2021
ਪਰਵਾਸ
2021
ਮੁਬਾਰਕ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ



ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਅਪ੍ਰੈਲ-ਜੂਨ 2021
ਪਰਵਾਸ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਜੁਲਾਈ-ਸਤੰਬਰ 2021
ਇਸ ਅੰਕ ਦੇ ਲੇਖਕ: ਜਰਨੈਲ ਸਿੰਘ 'ਦੋ ਟਾਪੂ'
ਪਰਵਾਸ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ
parvasggn@gmail.com, +9187290-80250,+9195010-27522



ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਅਕਤੂਬਰ-ਦਸੰਬਰ 2021
ਪਰਵਾਸ
ਮੂਰਤੀਕਾਰ: ਅਵਤਾਰਜੀਤ ਧੰਜਲ (ਬਰਤਾਨੀਆ)
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ
parvasggn@gmail.com, +9187290-80250,+9195010-27522



ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਜਨਵਰੀ-ਮਾਰਚ 2022
ਪਰਵਾਸ
ਚਿੱਤਰਕਾਰ: ਸਰੂਪ ਸਿੰਘ (ਬਰਤਾਨੀਆ)
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ
parvasggn@gmail.com, +9187290-80250,+9195010-27522


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਅਪ੍ਰੈਲ-ਜੂਨ 2022
ਪਰਵਾਸ
ਆਸਟਰੇਲੀਆ ਵਿਸ਼ੇਸ਼ ਅੰਕ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ
parvasggn@gmail.com, O9187290-80250,O9195010-27522


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਕਰੋਨਾ ਵਿਸ਼ੇਸ਼ ਅੰਕ
ਪਰਵਾਸ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਕਰੋਨਾ ਵਿਸ਼ੇਸ਼ ਅੰਕ
ਪਰਵਾਸ
ਆਪਣੇ ਆਪਣੇ ਬੋਲ
ਸੰਵਾਦ ਤੇ ਕਵੀ ਦਰਬਾਰ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਜਨਵਰੀ 2021
ਪਰਵਾਸ
ਕਿਸਾਨੀ ਸੰਘਰਸ਼ ਵਿਸ਼ੇਸ਼ ਅੰਕ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ


ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ
ਵਿਸ਼ੇਸ਼ ਅੰਕ 2021
ਪਰਵਾਸ
ਗੁਰਦੁਆਰਾ ਬਾਬਾ ਬਕਾਲਾ ਸਾਹਿਬ
ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ
parvasggn@gmail.com, +9187290-80250,+9195010-27522

## ਸੱਜਣ ਮੇਰੇ ਰੰਗੁਲੇ


# ਡਾ. ਸਾਧੂ ਸਿੰਘ ਧਾਮੀ

ਡਾ. ਸਾਧੂ ਬਿਨਿੰਗ

ਪਰਵਾਸੀ ਪੰਜਾਬੀ ਲੇਖਕ ਜਿਹੜੇ ਸਰੀਰਕ ਤੌਰ ’ਤੇ ਸਾਡੇ ਤੋਂ ਵਿੱਛੜ ਚੁੱਕੇ ਹਨ ਤੇ ਜਿਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਨੂੰ ਸਥਾਪਿਤ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਹਿੱਤ ‘ਪਰਵਾਸ’ ਦੇ ਹਰੇਕ ਅੰਕ ਵਿੱਚ ਉਨ੍ਹਾਂ ਦੇ ਜੀਵਨ ਤੇ ਸਾਹਿਤਕ ਦੇਣ ਸਬੰਧੀ ਨਿਬੰਧਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ ਤਾਂ ਜੋ ਇਹ ਵਿੱਛੜੇ ਸਾਹਿਤਕਾਰ ਸਾਡੇ ਚੇਤਿਆਂ ਵਿੱਚ ਹਮੇਸ਼ਾ ਜੀਵੰਤ ਰਹਿਣ। ਇਸ ਅੰਕ ਵਿੱਚ ਡਾ. ਸਾਧੂ ਸਿੰਘ ਧਾਮੀ ਦੀ ਸਾਹਿਤਕ ਦੇਣ ਸੰਬੰਧੀ ਡਾ. ਸਾਧੂ ਬਿਨਿੰਗ ਦਾ ਲਿਖਿਆ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ


ਡਾ. ਸਾਧੂ ਸਿੰਘ ਧਾਮੀ

ਡਾਕਟਰ ਸਾਧੂ ਸਿੰਘ ਧਾਮੀ ਸੋਲ੍ਹਾਂ ਸਾਲ ਦੀ ਉਮਰੇ ਹੁਸ਼ਿਆਰਪੁਰ ਨਾਲ ਲੱਗਦੇ ਪਿੰਡ ਪਿੱਪਲਾਂਵਾਲਾ ਤੋਂ 1922 ਵਿੱਚ ਵੈਨਕੂਵਰ, ਕਨੇਡਾ ਆਏ। ਏਥੋਂ ਉਹ 1948 ਵਿੱਚ ਜਨੇਵਾ, ਸਵਿਟਜ਼ਰਲੈਂਡ ਚਲੇ ਗਏ ਜਿੱਥੇ ਉਹ ਅਕਾਲ ਚਲਾਣਾ ਕਰ ਗਏ। ਉਸ ਸਮੇਂ ਕਨੇਡਾ ਦੇ ਨਸਲਵਾਦੀ ਮਾਹੌਲ ਵਿੱਚ ਵਿਚਰਦਿਆਂ ਵੀ ਧਾਮੀ ਹੋਰਾਂ ਕਈ ਵਿਲੱਖਣ ਪ੍ਰਾਪਤੀਆਂ ਕੀਤੀਆਂ ਜਿਨ੍ਹਾਂ ਕਰਕੇ ਉਹ ਵੀਹਵੀਂ ਸਦੀ ਦੇ ਸ਼ੁਰੂ ਦੇ ਦਹਾਕਿਆਂ ਦੌਰਾਨ ਕਨੇਡਾ ਆਏ ਪੰਜਾਬੀਆਂ ਵਿੱਚੋਂ ਇਕ ਗੌਲਣਯੋਗ ਸ਼ਖਸੀਅਤ ਬਣ ਕੇ ਉੱਭਰਦੇ ਹਨ।


ਡਾ. ਸਾਧੂ ਬਿਨਿੰਗ

ਸਾਹਿਤਕ ਜਗਤ ਵਿੱਚ ਸਾਧੂ ਸਿੰਘ ਧਾਮੀ ਦੀ ਪਛਾਣ ਉਨ੍ਹਾਂ ਦੇ ਅੰਗ੍ਰੇਜ਼ੀ ਵਿੱਚ ਲਿਖੇ ਨਾਵਲ ‘ਮਲੂਕਾ’ ਦੇ ਪੰਜਾਬੀ ਵਿੱਚ ਛਪਣ ਨਾਲ ਹੋਈ। ਇਹ ਨਾਵਲ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਨੇਡਾ ਆ ਕੇ ਵੱਸਣ ਵਾਲ਼ੇ ਪੰਜਾਬੀਆਂ ਦੇ ਜੀਵਨ ਬਾਰੇ ਲਿਖੀ ਇੱਕੋ ਇੱਕ ਮੌਲਿਕ ਰਚਨਾ ਹੈ। ਸਾਧੂ ਸਿੰਘ ਧਾਮੀ ਦੇ ਆਪਣੇ ਜੀਵਨ ’ਤੇ ਅਧਾਰਿਤ ਇਹ ਗਲਪ ਰਚਨਾ ਬੀ. ਸੀ. ਦੀਆਂ ਲੱਕੜ ਮਿੱਲਾਂ ਵਿੱਚ ਕੰਮ ਕਰਨ ਵਾਲੇ ਪੰਜਾਬੀਆਂ ਦੇ ਔਖੇ ਜੀਵਨ ਦੀ ਰੌਚਕਤਾ ਨਾਲ ਬਾਤ ਪਾਉਣ ਦੇ ਨਾਲ ਨਾਲ ਇਕ ਇਤਿਹਾਸਕ ਦਸਤਾਵੇਜ਼ ਵੀ ਹੈ। ਪੰਜਾਬੀਆਂ ਦੇ ਉਸ ਸਮੇਂ ਦੇ ਜੀਵਨ ਬਾਰੇ ਇਸ ਨਾਵਲ ਵਿੱਚ

ਦਰਜ ਜਾਣਕਾਰੀ ਕਿਤੇ ਵੀ ਹੋਰ ਨਹੀਂ ਮਿਲਦੀ। ਇਹ ਤੱਥ ਇਸ ਰਚਨਾ ਨੂੰ ਸਾਡੇ ਵਾਸਤੇ ਬਹੁਤ ਮਹੱਤਵਪੂਰਨ ਬਣਾ ਦਿੰਦਾ ਹੈ। ਪਰ ਪੱਚੀ ਸਾਲ ਬਾਅਦ ਡਾਕਟਰ ਧਾਮੀ ਨੂੰ ਯਾਦ ਕਰਦਿਆਂ ਜਿਹੜੀ ਪਹਿਲੀ ਗੱਲ ਮਨ ਵਿੱਚ ਆਉਂਦੀ ਹੈ ਉਹ ਹੈ ਕਿ ਉਨ੍ਹਾਂ ਨੂੰ ਕਨੇਡੀਅਨ ਪੰਜਾਬੀ ਭਾਈਚਾਰੇ ਵਲੋਂ ਬਣਦਾ ਮਾਣ ਸਤਿਕਾਰ ਨਹੀਂ ਮਿਲਿਆ। ਇਸ ਲੇਖ ਦਾ ਮੁੱਖ ਮਕਸਦ ਉਨ੍ਹਾਂ ਦੇ ਸੌ ਸਾਲ ਪਹਿਲਾਂ ਕਨੇਡਾ ਆਉਣ ਨੂੰ ਯਾਦ ਕਰਨਾ ਹੈ ਤੇ ਉਨ੍ਹਾਂ ਦੇ ਲਿਖਤੀ ਕੰਮਾਂ ਬਾਰੇ ਚਰਚਾ ਕਰਨੀ, ਅਤੇ ਨਾਲ ਹੀ ਉਨ੍ਹਾਂ ਦੇ ਇਸ ਤਰ੍ਹਾਂ ਅਣਗੌਲਿਆਂ ਰਹਿਣ ਬਾਰੇ ਵੀ ਸੰਖੇਪ ਵਿੱਚ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਾਧੂ ਸਿੰਘ ਧਾਮੀ ਨੂੰ ਵੀ ਕਨੇਡਾ ਆਉਣ ’ਤੇ ਹੋਰ ਪੰਜਾਬੀਆਂ ਵਾਂਗ ਮਿੱਲ ਵਿੱਚ ਕੰਮ ਕਰਨਾ ਪਿਆ ਪਰ ਪੜ੍ਹਨ ਦੀ ਲਗਨ ਕਾਰਨ ਉਹ ਬਾਕੀਆਂ ਤੋਂ ਕੁਝ ਵੱਖਰਾ ਕਰਨ ਵਿੱਚ ਕਾਮਯਾਬ ਹੋਏ। ਵੈਨਕੂਵਰ ਦੇ ਜਾਹਨ ਆਲੀਵਰ ਸਕੂਲ ਵਿੱਚ ਪੱਗ ਬੰਨ੍ਹ ਕੇ ਸਕੂਲ ਜਾਣ ਵਾਲ਼ੇ ਉਹ ਕਨੇਡਾ ਵਿੱਚ ਪਹਿਲੇ ਪੰਜਾਬੀ ਵਿਦਿਆਰਥੀ ਸਨ ਤੇ ਏਥੇ ਪੀਐੱਚ. ਡੀ. ਕਰਨ ਵਾਲ਼ੇ ਵੀ ਪਹਿਲੇ। ਵਿਦਿਆ ਅਤੇ ਸਾਹਿਤ ਦੇ ਖੇਤਰਾਂ ਵਿੱਚ ਉਨ੍ਹਾਂ ਨੇ ਹੋਰ ਵੀ ਕਈ ਅਜਿਹੇ ਕੰਮ ਕੀਤੇ ਜਿਨ੍ਹਾਂ ਬਾਰੇ ਗੱਲ ਕਰਨ ਲੱਗਿਆਂ ਕਹਿਣਾ ਪੈਂਦਾ ਹੈ ਕਿ ਇਹ ਕਰਨ ਵਾਲ਼ੇ ਉਹ ਪਹਿਲੇ ਪੰਜਾਬੀ ਸਨ।

ਹਾਈ ਸਕੂਲ ਦੀ ਪੜ੍ਹਾਈ ਖਤਮ ਕਰਕੇ ਵੈਨਕੂਵਰ ਅਤੇ ਐਡਮਿੰਟਨ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਨ ਤੋਂ ਬਾਅਦ ਧਾਮੀ ਹੋਰਾਂ ਯੂਨੀਵਰਸਿਟੀ ਆਫ ਟਰਾਂਟੋ ਤੋਂ 1937 ਵਿੱਚ ਪੀਐੱਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਆਪਣਾ ਥੀਸਸ ਉਨ੍ਹਾਂ ਨੇ ਅਮਰੀਕਨ ਦਾਰਸ਼ਨਿਕ ਜਾਹਨ ਡਿਊਈ ਦੇ ਦਰਸ਼ਨ ’ਤੇ ਲਿਖਿਆ। ਪਰ ਇਸ ਡਿਗਰੀ ਨਾਲ ਉਨ੍ਹਾਂ ਨੂੰ ਕਨੇਡਾ ਵਿੱਚ ਕੋਈ ਨੌਕਰੀ ਨਾ ਮਿਲੀ ਜਿਸ ਦਾ ਮੁੱਖ ਕਾਰਨ ਨਸਲਵਾਦ ਸੀ। ਉਸ ਵੇਲੇ ਕਨੇਡਾ ਦੇ ਗੋਰੇ ਲੋਕਾਂ ਦੀ ਨਸਲੀ ਨੀਤੀ ਕਾਰਨ ਭਾਰਤੀਆਂ ਨੂੰ ਅਤੇ ਹੋਰ ਗੈਰ-ਚਿੱਟੇ ਲੋਕਾਂ ਨੂੰ ਏਥੇ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ। ਨਤੀਜੇ ਵਜੋਂ ਇਹ ਭਾਈਚਾਰੇ ਨਾ ਤਾਂ ਏਥੋਂ ਦੇ ਸਮਾਜ ਵਿੱਚ ਬਰਾਬਰਤਾ ਦਾ ਦਰਜ਼ਾ ਰੱਖਦੇ ਸਨ ਤੇ ਨਾ ਹੀ ਇਨ੍ਹਾਂ ਵਿੱਚੋਂ ਕੋਈ ਵਿਅਕਤੀ ਕਿਸੇ ਵੀ ਪੱਧਰ ਦੀ ਸਰਕਾਰ ਵਿੱਚ ਕੋਈ ਨੌਕਰੀ ਜਾਂ ਰੁਤਬਾ ਹਾਸਲ ਕਰ ਸਕਦਾ ਸੀ। ਧਾਮੀ ਹੋਰਾਂ ਨੇ ਆਪਣੀ ਵਿਦਵਤਾ ਅਤੇ ਹਿੰਮਤ ਨਾਲ ਕਨੇਡਾ ਦੇ ਸੀ. ਬੀ. ਸੀ. (ਕਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ) ਵਰਗੇ ਅਦਾਰਿਆਂ ਲਈ ਫਿਲਾਸਫੀ, ਧਰਮ, ਸਾਹਿਤ ਅਤੇ ਸੱਭਿਆਚਾਰ ਜਿਹੇ ਵਿਸ਼ਿਆਂ ਬਾਰੇ ਵੱਖਰੇ ਵੱਖਰੇ ਭਾਸ਼ਣ ਦੇਣ ਦਾ ਕੰਮ ਕੀਤਾ। ਉਨ੍ਹਾਂ ਵਲੋਂ ਅਪਰੈਲ 1942 ਵਿੱਚ ‘ਸਾਈਕਾਲੋਜੀ ਐਂਡ ਯੂ’ ਵਿਸ਼ੇ ’ਤੇ ਭਾਸ਼ਣਾਂ ਦੀ

ਇਕ ਲੜੀ ਪੇਸ਼ ਕਰਨੀ ਇਸ ਦੀ ਇਕ ਉਦਾਹਰਣ ਸੀ। ਧਾਮੀ ਸਾਹਿਬ ਖੁਦ ਮਜ਼ਦੂਰ ਰਹੇ ਹੋਣ ਕਾਰਨ ਮਜ਼ਦੂਰਾਂ ਅਤੇ ਕਨੇਡਾ ਵਿੱਚ ਮਜ਼ਦੂਰੀ ਨਾਲ ਸਬੰਧਤ ਵਿਸ਼ਿਆਂ ਬਾਰੇ ਵੀ ਉਨ੍ਹਾਂ ਦੀ ਡੂੰਘੀ ਦਿਲਚਸਪੀ ਸੀ ਜਿਸ ਬਾਰੇ ਉਨ੍ਹਾਂ ਨੇ 1937 ਤੋਂ ਲੈ ਕੇ 1942 ਤੱਕ ਵਰਕਰਜ਼ ਐਜੂਕੇਸ਼ਨਲ ਐਸੋਸੀਏਸ਼ਨ ਆਫ ਕੈਨੇਡਾ ਵਾਸਤੇ ਭਾਸ਼ਣ ਦਿੱਤੇ। ਫੇਰ 1942 ਵਿੱਚ ਉਨ੍ਹਾਂ ਨੂੰ ਯੂ ਐਨ ਦੇ ਇੰਟਰਨੈਸ਼ਨਲ ਲੇਬਰ ਆਫਿਸ (ਆਈ ਐੱਲ ਉ) ਵਿੱਚ ਨੌਕਰੀ ਮਿਲ ਗਈ ਜਿਸ ਦਾ ਦੂਜੀ ਵੱਡੀ ਜੰਗ ਦੌਰਾਨ ਦਫਤਰ ਮਾਂਟਰੀਆਲ ਵਿੱਚ ਸੀ। ਡਾਕਟਰ ਸਾਧੂ ਸਿੰਘ ਧਾਮੀ ਨੇ ਮਾਂਟਰੀਆਲ ਰਹਿੰਦਿਆਂ ਹੀ ਇਕ ਯਹੂਦੀ ਪਿਛੋਕੜ ਦੀ ਔਰਤ ਈਡਾ ਰੈਚਨਰ ਨਾਲ 1944 ਵਿੱਚ ਵਿਆਹ ਕਰਵਾ ਲਿਆ। ਲੜਾਈ ਖਤਮ ਹੋਣ ਬਾਅਦ ਆਈ ਐੱਲ ਉ ਦਾ ਦਫਤਰ ਮੁੜ ਜਨੇਵਾ ਚਲੇ ਗਿਆ ਅਤੇ ਡਾਕਟਰ ਸਾਧੂ ਸਿੰਘ ਧਾਮੀ ਆਪਣੀ ਪਤਨੀ ਅਤੇ ਬੇਟੀ ਲੀਲਾ ਨੂੰ ਲੈ ਕੇ ਕਨੇਡਾ ਨੂੰ ਸਦਾ ਲਈ ਅਲਵਿਦਾ ਕਹਿ ਗਏ। ਉਹ ਇਸ ਕੰਮ ਤੋਂ 1966 ਵਿੱਚ ਸੇਵਾ-ਮੁਕਤ ਹੋਏ ਪਰ ਜਨੇਵਾ ਵਿੱਚ ਹੀ ਰਹਿੰਦੇ ਰਹੇ। ਉਨ੍ਹਾਂ ਦੀ ਪਤਨੀ ਈਡਾ ਦੀ ਕੈਂਸਰ ਕਾਰਨ 1989 ਵਿੱਚ ਮੌਤ ਹੋਈ। ਉਨਾਂ ਦੀ ਬੇਟੀ ਲੀਲਾ ਸਵਿਟਜ਼ਰਲੈਂਡ ਵਿੱਚ ਹੀ ਰਹਿੰਦੀ ਹੈ।

ਮੈਂ ਸਾਧੂ ਸਿੰਘ ਧਾਮੀ ਹੋਰਾਂ ਦੇ ਨਾਂ ਤੋਂ ਕਨੇਡਾ ਆਉਣ ਤੋਂ ਪਹਿਲਾਂ ਹੀ ਵਾਕਿਫ ਸੀ। ਮੇਰੇ ਤਾਇਆ ਧੰਨਾ ਸਿੰਘ ਜੋ 1951 ਵਿੱਚ ਵੀਹਾਂ ਸਾਲਾਂ ਬਾਅਦ ਕਨੇਡਾ ਤੋਂ ਮੁੜ ਕੇ ਪੰਜਾਬ ਗਏ ਸਨ ਉਹ ਕਨੇਡਾ ਦੇ ਉਸ ਵੇਲੇ ਦੇ ਭਾਈਚਾਰੇ ਦੀਆਂ ਦੋ ਸ਼ਖਸੀਅਤਾਂ, ਦਰਸ਼ਨ ਸਿੰਘ ਕਨੇਡੀਅਨ ਅਤੇ ਡਾਕਟਰ ਸਾਧੂ ਸਿੰਘ ਧਾਮੀ, ਬਾਰੇ ਸਤਿਕਾਰ ਨਾਲ ਗੱਲਾਂ ਕਰਿਆ ਕਰਦੇ ਸਨ। ਉਨ੍ਹਾਂ ਕੋਲ ਧਾਮੀ ਹੋਰਾਂ ਦੀ 1943 ਦੀ ਲਿਖੀ ਹੋਈ ਇਕ ਨਿੱਕੀ ਜਿਹੀ ਕਿਤਾਬ ਸੀ 'ਸਿੱਖਸ ਐਂਡ ਦੇਅਰ ਰਿਲਜਨ: ਏ ਸਟਰੱਗਲ ਫਾਰ ਡੈਮੋਕਰੇਸੀ' ਜੋ ਵੈਨਕੂਵਰ ਤੇ ਵਿਕਟੋਰੀਆ ਦੀ ਖਾਲਸਾ ਦੀਵਾਨ ਸੁਸਾਇਟੀ ਵਲੋਂ ਛਾਪੀ ਗਈ ਸੀ। ਉਹ ਕਾਪੀ ਮੇਰੇ ਕੋਲ ਅਜੇ ਵੀ ਸਾਂਭੀ ਪਈ ਹੈ। 1967 ਵਿੱਚ ਇੱਧਰ ਆ ਕੇ ਮੈਂ ਆਪਣੇ ਤਾਇਆ ਜੀ ਕੋਲੋਂ ਤੇ ਹੋਰ ਲੋਕਾਂ ਤੋਂ ਵੀ ਧਾਮੀ ਹੋਰਾਂ ਬਾਰੇ ਕਈ ਕੁਝ ਸੁਣਦਾ ਰਿਹਾ। ਉਸ ਵੇਲੇ ਧਾਮੀ ਹੋਰਾਂ ਬਾਰੇ ਤਕਰੀਬਨ ਹਰ ਗੱਲ ਦਾ ਸਬੰਧ ਬੀਤ ਚੁੱਕੇ ਨਾਲ ਹੀ ਹੁੰਦਾ ਸੀ। ਉਨ੍ਹਾਂ ਬਾਰੇ ਸਿਰਫ ਏਨਾ ਹੀ ਪਤਾ ਸੀ ਕਿ ਉਹ ਜਨੇਵਾ ਰਹਿੰਦੇ ਸਨ। ਉਹ ਇਕ ਵਾਰ ਸੱਤਰਵਿਆਂ ਦੇ ਅੱਧ ਦੁਆਲੇ ਕਨੇਡਾ ਆਏ ਵੀ ਸਨ ਪਰ ਨੇੜਲੇ ਦੋਸਤਾਂ ਮਿੱਤਰਾਂ ਤੋਂ ਬਿਨਾਂ ਉਨ੍ਹਾਂ ਦੇ ਆਉਣ ਬਾਰੇ ਕਿਸੇ ਨੂੰ ਕੋਈ ਖ਼ਬਰ ਨਹੀਂ ਸੀ। ਫੇਰ ਅਚਾਨਕ 1985-86 ਦੁਆਲੇ ਸਾਡੇ ਨਾਲ ਖੇਤ ਮਜ਼ਦੂਰਾਂ ਤੇ ਨਸਲਵਾਦ ਦੇ ਸੰਘਰਸ਼ਾਂ ਵਿੱਚ ਸ਼ਾਮਲ ਇਕ ਕਨੇਡੀਅਨ

ਦੋਸਤ ਡੇਵਿਡ ਜੈਕਸਨ ਨੇ ਨਾਵਲ 'ਮਲੂਕਾ' ਦੀ ਇਕ ਕਾਪੀ ਦਿਖਾਈ ਜੋ ਉਹਨੇ ਵੈਨਕੂਵਰ ਦੀ ਇੱਕ ਪੁਰਾਣੀਆਂ ਕਿਤਾਬਾਂ ਦੀ ਦੁਕਾਨ ਤੋਂ ਖਰੀਦੀ ਸੀ। ਅੰਗ੍ਰੇਜ਼ੀ ਵਿੱਚ ਲਿਖਿਆ ਇਹ ਨਾਵਲ 1978 ਵਿੱਚ ਦਿੱਲੀ ਤੋਂ ਛਪਿਆ ਸੀ। ਨਾਵਲ ਦੇਖ ਕੇ ਹੋਈ ਖੁਸ਼ੀ ਦੇ ਨਾਲ ਨਾਲ ਇਹ ਨਿਰਾਸ਼ਾ ਵੀ ਸੀ ਕਿ ਭਾਈਚਾਰੇ ਬਾਰੇ ਇਹੋ ਜਿਹੀ ਵਿਲੱਖਣ ਲਿਖਤ ਸਬੰਧੀ ਕਿਸੇ ਨੂੰ ਕੋਈ ਜਾਣਕਾਰੀ ਕਿਉਂ ਨਹੀਂ ਸੀ।

ਆਪਣੇ ਦੋਸਤਾਂ ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਨਾਲ ਮਿਲ ਕੇ ਉਸ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਸੋਚੀ। ਸੁਖਵੰਤ ਹੁੰਦਲ ਨੇ ਕਿਸੇ ਪਾਸਿਓਂ ਧਾਮੀ ਹੋਰਾਂ ਦਾ ਫ਼ੋਨ ਭਾਲ਼ਿਆ ਤੇ ਅਸੀਂ ਉਨ੍ਹਾਂ ਕੋਲੋਂ ਇਜਾਜ਼ਤ ਲੈ ਕੇ ਨਾਵਲ ਅਨੁਵਾਦ ਕੀਤਾ ਅਤੇ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਉਸ ਨੂੰ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ 1988 ਵਿੱਚ ਛਾਪਿਆ। ਉਸੇ ਸਾਲ ਧਾਮੀ ਹੋਰਾਂ ਨੂੰ ਸਤੰਬਰ ਅਕਤੂਬਰ ਵਿੱਚ ਵੈਨਕੂਵਰ ਸੱਥ ਵਲੋਂ ਕਿਤਾਬ ਲੋਕ ਅਰਪਨ ਕਰਨ ਲਈ ਕਨੇਡਾ ਸੱਦਿਆ। ਏਥੇ ਆਉਣ ਨਾਲ ਉਨ੍ਹਾਂ ਦੀ ਪੰਜਾਬੀ ਭਾਈਚਾਰੇ ਨਾਲ ਹੀ ਨਹੀਂ ਸਗੋਂ ਸਮੁੱਚੇ ਕਨੇਡੀਅਨ ਭਾਈਚਾਰੇ ਨਾਲ ਮੁੜ ਜਾਣ ਪਛਾਣ ਹੋਈ। ਸਥਾਨਕ ਅਖ਼ਬਾਰਾਂ ਵਿੱਚ ਉਨ੍ਹਾਂ ਬਾਰੇ ਖ਼ਬਰਾਂ ਤੇ ਲੇਖ ਛਪੇ, ਬਿਜਲਈ ਮਾਧਿਅਮ ਵਿੱਚ ਵੀ ਚਰਚਾ ਹੋਈ ਤੇ ਉਨ੍ਹਾਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ। ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਪੁਰਾਣੇ ਸਕੂਲ ਜਾਹਨ ਆਲੀਵਰ ਲੈ ਕੇ ਗਏ ਜਿੱਥੇ ਉਨ੍ਹਾਂ ਨੂੰ ਨਿੱਘੀ ਜੀਅ ਆਇਆਂ ਕਹੀ ਗਈ। ਨਾਵਲ ਦੇ ਵੈਨਕੂਵਰ ਹੋਏ ਲੋਕ ਅਰਪਨ ਸਮਾਗਮ ਵਿੱਚ ਵੈਨਕੂਵਰ ਸੱਥ ਵਲੋਂ ਨਾਵਲ 'ਤੇ ਅਧਾਰਤ ਨਾਟਕ 'ਮਲੂਕੇ ਦਾ ਵਿਸ਼ਵਵਿਦਿਆਲਾ' ਵੀ ਖੇਡਿਆ ਗਿਆ ਜੋ ਧਾਮੀ ਨੇ ਬਹੁਤ ਪਸੰਦ ਕੀਤਾ।

ਉਦੋਂ ਉਹ 82 ਸਾਲ ਦੇ ਸਨ ਅਤੇ ਪੂਰੀ ਤਰ੍ਹਾਂ ਤੰਦਰੁਸਤ ਤੇ ਤੇਜ਼ ਦਿਮਾਗ ਦੇ ਮਾਲਕ। ਉਨ੍ਹਾਂ ਦੀ ਮਿਕਨਾਤੀਸੀ ਸ਼ਖ਼ਸੀਅਤ ਨੇ ਹਰ ਕਿਸੇ ਨੂੰ ਪ੍ਰਭਾਵਿਤ ਕੀਤਾ। ਸਾਰੀ ਉਮਰ ਪੰਜਾਬ ਤੋਂ ਬਾਹਰ ਰਹਿਣ ਦੇ ਬਾਵਜੂਦ ਬਚਪਨ ਵਿੱਚ ਉਰਦੂ ਸ਼ਾਇਰੀ ਨਾਲ ਪਈ ਸਾਂਝ ਉਨ੍ਹਾਂ ਦੇ ਆਖ਼ਰੀ ਸਾਹ ਤੱਕ ਪੂਰੀ ਤਰ੍ਹਾਂ ਗੂੜ੍ਹੀ ਰਹੀ। ਫੈਜ਼ ਤੇ ਇਕਬਾਲ ਉਨ੍ਹਾਂ ਦੇ ਮਨਪਸੰਦ ਸ਼ਾਇਰ ਸਨ। ਵੈਨਕੂਵਰ ਵਿੱਚ ਉਨ੍ਹਾਂ ਦੇ ਸਨਮਾਨ ਵਿੱਚ ਹੋਏ ਪਹਿਲੇ ਸਮਾਗਮ ਵਿੱਚ ਮੰਚ 'ਤੇ ਜਾ ਕੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਫੈਜ਼ ਅਹਿਮਦ ਫੈਜ਼ ਦੀ ਕਵਿਤਾ 'ਬੋਲ' ਪੜ੍ਹੀ। ਡਾਕਟਰ ਧਾਮੀ ਦਾ ਉਰਦੂ ਸ਼ਾਇਰੀ ਨਾਲ ਰਿਸ਼ਤਾ ਬਹੁਤ ਡੂੰਘਾ ਸੀ। ਉਹ ਸਮੇਂ ਸਮੇਂ ਆਪਣੀ ਗੱਲਬਾਤ ਵਿੱਚ ਆਪਣੀ ਪਸੰਦ ਦੇ ਢੁੱਕਵੇਂ ਸ਼ੇਅਰ ਸ਼ਾਮਿਲ ਕਰਦੇ ਰਹਿੰਦੇ ਸਨ ਤੇ ਜਦੋਂ ਇਕੱਲੇ ਹੁੰਦੇ ਜਾਂ ਕੋਈ ਨਿੱਕਾ ਮੋਟਾ ਕੰਮਕਾਰ ਕਰ ਰਹੇ ਹੁੰਦੇ ਤਾਂ ਵੀ ਕੋਈ ਨਾ ਕੋਈ

ਨਜ਼ਮ ਗੁਣਗੁਣਾਉਂਦੇ ਰਹਿੰਦੇ। ਮੈਂ 1990 ਵਿੱਚ ਇਕ ਹਫ਼ਤਾ ਉਨ੍ਹਾਂ ਦੇ ਘਰ ਜਨੇਵਾ ਰਿਹਾ ਤਾਂ ਮੈਂ ਦੇਖਿਆ ਕਿ ਉਹ ਆਪਣੇ ਘਰ ਦੇ ਛੋਟੇ ਜਿਹੇ ਬਗੀਚੇ ਵਿੱਚ ਫਿਰਦੇ ਉਰਦੂ ਨਜ਼ਮਾਂ ਗੁਣਗੁਣਾ ਰਹੇ ਹੁੰਦੇ। ਉਨ੍ਹਾਂ ਬਾਰੇ ਇਸੇ ਕਿਸਮ ਦੇ ਪ੍ਰਭਾਵ ਉਨ੍ਹਾਂ ਨੂੰ ਸਮੇਂ ਸਮੇਂ ਮਿਲਣ ਗਏ ਸੁਖਵੰਤ ਤੇ ਅੰਜੂ ਹੁੰਦਲ, ਹਰਜਿੰਦਰ ਸਾਂਗਰਾ, ਅਜਮੇਰ ਰੋਡੇ, ਨਵਤੇਜ ਭਾਰਤੀ ਅਤੇ ਅਮਰਜੀਤ ਚੰਦਨ ਹੋਰਾਂ ਨੇ ਵੀ ਸਾਂਝੇ ਕੀਤੇ ਸਨ।

ਮਲੂਕਾ ਦੇ ਪੰਜਾਬੀ ਵਿੱਚ ਛਪਣ ਨਾਲ ਪੰਜਾਬੀ ਸਾਹਿਤ ਵਿੱਚ ਉਨ੍ਹਾਂ ਦੀ ਚੋਖੀ ਪਛਾਣ ਬਣੀ ਅਤੇ ਉਨ੍ਹਾਂ ਦੇ ਪੰਜਾਬ ਦੀ ਫੇਰੀ ਦੌਰਾਨ ਕਈ ਅਦਾਰਿਆਂ ਵਲੋਂ ਉਨ੍ਹਾਂ ਦਾ ਮਾਣ ਸਨਮਾਨ ਕੀਤਾ ਗਿਆ। ਅੰਗ੍ਰੇਜ਼ੀ ਵਿੱਚ ਨਾਵਲ ਛਪਣ ਬਾਅਦ ਉਨ੍ਹਾਂ ਨੇ ਆਪਣੇ ਕੁਝ ਦੋਸਤਾਂ ਤੇ ਜਾਣ ਪਛਾਣ ਵਾਲਿਆਂ ਨੂੰ ਕੁਝ ਕਾਪੀਆਂ ਭੇਜੀਆਂ ਸਨ ਪਰ ਉਨ੍ਹਾਂ




ਵਲੋਂ ਉਸ ਨੂੰ ਕੋਈ ਖਾਸ ਹੁੰਗਾਰਾ ਨਹੀਂ ਸੀ ਮਿਲਿਆ ਤੇ ਉਹ ਕਾਫੀ ਨਿਰਾਸ਼ ਹੋਏ ਸਨ। ਉਨ੍ਹਾਂ ਦੀ ਇਹ ਨਰਾਜ਼ਗੀ ਜਾਇਜ਼ ਸੀ। ਨਾਵਲ 'ਮਲੂਕਾ' ਇਕ ਨੌਜਵਾਨ ਆਵਾਸੀ ਦੀ ਕਹਾਣੀ ਹੋਣ ਦੇ ਨਾਲ ਨਾਲ ਇਕ ਭਾਈਚਾਰੇ ਦੀ ਵੱਖਰੀ ਧਰਤੀ ਵਿੱਚ ਆਪਣੀ ਥਾਂ ਬਣਾਉਣ ਲਈ ਕੀਤੀ ਜੱਦੋਜਹਿਦ ਦੀ ਵੀ ਕਹਾਣੀ ਹੈ। ਇਸ ਪੱਖੋਂ ਨਾਵਲ ਦਾ ਪਹਿਲਾ ਹਿੱਸਾ ਬਹੁਤ ਹੀ ਅਹਿਮ ਰਚਨਾ ਹੈ ਜਿਸ ਵਿੱਚ ਮਲੂਕੇ ਦੀ ਪੰਜਾਬ ਤੋਂ ਆਉਣ ਅਤੇ ਕੁਝ ਸਾਲਾਂ ਬਾਅਦ ਵੈਨਕੂਵਰ ਤੋਂ ਐਡਮਿੰਟਨ ਨੂੰ ਰਵਾਨਾ ਹੋਣ ਦੀ ਕਹਾਣੀ ਹੈ। ਇਸ ਹਿੱਸੇ 'ਤੇ ਸਰਸਰੀ ਨਜ਼ਰ ਵੀ ਪਾਠਕ ਨੂੰ ਜਿੱਥੇ ਇਕ ਸਮੁੱਚੇ ਭਾਈਚਾਰੇ ਦੀ ਨਵੇਂ ਸਥਾਨ ਤੇ ਵਾਤਾਵਰਨ ਵਿੱਚ ਖ਼ੁਦ ਨੂੰ ਸਥਾਪਤ ਕਰਨ ਦੀ ਜੱਦੋਜਹਿਦ ਬਾਰੇ ਅਨੇਕਾਂ ਕਿਸਮਾਂ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ ਉੱਥੇ ਇਕ ਨੌਜਵਾਨ ਦੀ ਆਪਣੇ ਪਿਛੋਕੜ ਨਾਲੋਂ ਵੱਖਰੇ ਸੱਭਿਆਚਾਰ, ਵੱਖਰੇ ਜੀਵਨ ਜਾਚ ਨਾਲ ਜਾਣ ਪਹਿਚਾਣ ਦੇ ਉਸ ਦੀ ਸੋਚ 'ਤੇ ਕੀ ਅਸਰ ਪੈਂਦੇ ਹਨ, ਬਾਰੇ ਬਹੁਤ ਹੀ ਕਲਾਤਮਿਕ ਤੇ ਹਮਦਰਦੀ ਭਰੇ ਅੰਦਾਜ਼ ਵਿੱਚ ਦੱਸੀ ਕਹਾਣੀ ਨਾਲ ਸਾਂਝ ਪੈਂਦੀ ਹੈ। ਸਾਧੂ ਸਿੰਘ ਧਾਮੀ ਨੇ ਆਪਣੇ ਨਾਵਲ ਨੂੰ ਪੰਜ ਹਿੱਸਿਆਂ ਵਿੱਚ ਵੰਡ ਕੇ ਪੇਸ਼ ਕੀਤਾ ਹੈ: 'ਲੱਕੜ ਦੀ ਮਿੱਲ', 'ਸਕੂਲ', 'ਸਿੱਖਾਂ ਦਾ ਗੁਰਦੁਆਰਾ', 'ਨਵੇਂ ਦਿਸਹੱਦੇ' ਅਤੇ 'ਵਧ ਰਿਹਾ ਪਾੜਾ'। ਪਹਿਲੇ ਹਿੱਸੇ ਵਿੱਚ ਉਹ ਲੱਕੜ ਦੀ ਮਿੱਲ ਵਿੱਚ ਕੰਮ ਕਰਨ

ਵਾਲ਼ੇ ਪੰਜਾਬੀਆਂ ਦੇ ਜੀਵਨ ਦੀ ਬਹੁਰੰਗੀ ਤਸਵੀਰ ਪੇਸ਼ ਕਰਦਾ ਹੈ। ਆਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਇਨ੍ਹਾਂ ਕਾਮਿਆਂ ਦੇ ਜੀਵਨ ਬਾਰੇ ਪੰਜਾਬੀ ਵਿੱਚ ਇਸ ਕਿਸਮ ਦੀਆਂ ਬਹੁਤ ਘੱਟ ਰਚਨਾਵਾਂ ਹਨ। ਪਿੰਡਾਂ ਵਿੱਚੋਂ ਆਏ ਹੋਏ ਇਨ੍ਹਾਂ ਅਨਪੜ ਕਾਮਿਆਂ ਲਈ ਮਲੂਕਾ ਚਿੱਠੀਆਂ ਪੜ੍ਹਦਾ, ਉਨ੍ਹਾਂ ਨੂੰ ਅਖਬਾਰ ਪੜ੍ਹ ਕੇ ਸੁਣਾਉਂਦਾ ਤੇ ਉਨ੍ਹਾਂ ਲਈ ਦੋਭਾਸ਼ੀਆ ਬਣਦਾ। ਉਹ ਮਲੂਕੇ ਨੂੰ ਸਲਾਹ ਦਿੰਦੇ ਕਿ "ਮਲੂਕਿਆ! ਤੂੰ ਅਗਾਂਹ ਪੜ੍ਹਾਈ ਕਰੀਂ। ਸਾਡੇ ਵਾਂਗ ਮਿੱਲਾਂ ਵਿੱਚ ਹੀ ਨਾ ਫਸਿਆ ਰਹੀਂ। ... ਤੂੰ ਪੜ੍ਹ ਕੇ ਲਿਖਣਾ ਸਿੱਖੀ ਤੇ ਫੇਰ ਸਾਡੀ ਕਹਾਣੀ ਲਿਖੀ। ਅਸੀਂ ਤਾਂ ਉਦੋਂ ਮਰ ਮਿਟ ਗਏ ਹੋਵਾਂਗੇ ਪਰ ਸਾਡੇ ਬੱਚੇ ਇਹ ਕਹਾਣੀ ਮਾਣ ਨਾਲ ਪੜ੍ਹਨਗੇ।"

ਇਸ ਨਾਵਲ ਦਾ ਦੂਜਾ ਹਿੱਸਾ ਮਲੂਕੇ ਦਾ ਕੈਨੇਡਾ ਦੇ ਸਕੂਲ ਵਿੱਚ ਪੜ੍ਹਾਈ ਬਾਰੇ ਹੈ। ਇਕ ਪੱਗ ਵਾਲ਼ੇ ਪੰਜਾਬੀ ਮੁੰਡੇ ਦਾ ਬਿਲਕੁਲ ਵੱਖਰੇ ਮਾਹੌਲ ਵਾਲ਼ੇ ਸਕੂਲ ਵਿੱਚ ਜਾਣ ਦਾ ਤਜ਼ਰਬਾ ਆਪਣੇ ਆਪ ਵਿੱਚ ਪੰਜਾਬੀ ਸਾਹਿਤ ਵਿੱਚ ਵੱਖਰੀ ਗੱਲ ਹੈ। ਉਸ ਵੇਲੇ ਦੇ ਕਨੇਡੀਅਨ ਸਮਾਜ ਵਿਚਲੀ ਨਸਲੀ ਨਫ਼ਰਤ ਦੇ ਬਾਵਜੂਦ ਮਲੂਕਾ ਬਹੁਤ ਕੁਝ ਨਵਾਂ ਸਿੱਖਦਾ ਹੈ ਤੇ ਆਪਣੇ ਹਾਣੀ ਵਿਦਿਅਰਥੀਆਂ ਨਾਲ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਾਂਝ ਪੈਦਾ ਕਰਦਾ ਹੈ। ਡੌਰਿਸ ਨਾਂ ਦੀ ਇਕ ਕਨੇਡੀਅਨ ਕੁੜੀ ਮਲੂਕੇ ਦੀ ਦੋਸਤ ਵੀ ਬਣ ਜਾਂਦੀ ਹੈ ਤੇ ਨਾਵਲ ਵਿੱਚ ਧਾਮੀ ਇਸ ਦੋਸਤੀ ਦੀ ਬਾਤ ਵੀ ਬੜੇ ਕਲਾਤਮਿਕ ਅੰਦਾਜ਼ ਵਿੱਚ ਪਾਉਂਦਾ ਹੈ। ਸਕੂਲ ਤੋਂ ਬਾਅਦ ਉਹ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਲੈਂਦਾ ਹੈ। ਪੜ੍ਹਾਈ ਦੇ ਨਾਲ ਨਾਲ ਉਹ ਬਾਹਰਲਾ ਸਾਹਿਤ ਵੀ ਪੜ੍ਹਦਾ ਹੈ ਤੇ ਇਸ ਖੁੱਲ੍ਹੇ ਡੁੱਲ੍ਹੇ ਮਾਹੌਲ ਦਾ ਉਸ ਦੀ ਸੋਚ 'ਤੇ ਡੂੰਘਾ ਅਸਰ ਪੈਂਦਾ ਹੈ ਜਿਸ ਬਾਰੇ ਨਾਵਲ ਦੇ ਚੌਥੇ ਹਿੱਸੇ 'ਨਵੇਂ ਦਿਸਹੱਦੇ' ਵਿੱਚ ਜ਼ਿਕਰ ਕਰਦਾ ਹੈ। ਨੌਜਵਾਨ ਮਲੂਕੇ ਦੇ ਮਨ ਵਿੱਚ ਆਪਣੇ ਧਰਮ ਬਾਰੇ ਤੇ ਧਰਮ ਨਾਲ ਸਬੰਧਤ ਰਸਮਾਂ ਰਿਵਾਜਾਂ ਬਾਰੇ ਸਵਾਲ ਪੈਦਾ ਹੁੰਦੇ ਹਨ। ਇਨ੍ਹਾਂ ਸਵਾਲਾਂ ਨਾਲ ਅੰਦਰੂਨੀ ਜੱਦੋ ਜਹਿਦ ਦੇ ਨਤੀਜੇ ਵਜੋਂ ਮਲੂਕਾ ਆਪਣੇ ਕੇਸ ਕਟਵਾਉਣ ਦਾ ਫੈਸਲਾ ਕਰਦਾ ਹੈ। ਇਹ ਕਦਮ ਉਹਦੇ ਆਪਣੇ ਲਈ ਵੀ ਏਨਾ ਸੁਖਾਲਾ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਦੇ ਨਾਲ ਉਹਨੇ ਕਈ ਸਾਲ ਬਿਤਾਏ ਸਨ ਅਤੇ ਉਹ ਉਹਦੇ ਤੋਂ ਵੱਖਰੀਆਂ ਆਸਾਂ ਉਮੀਦਾਂ ਰੱਖਦੇ ਸਨ। ਨਾਵਲ ਦੇ ਇਸ ਹਿੱਸੇ ਦੇ ਅੰਤ 'ਤੇ ਉਹ ਵੈਨਕੂਵਰ ਛੱਡ ਕੇ ਐਡਮਿੰਟਨ ਲਈ ਰਵਾਨਾ ਹੁੰਦਾ ਹੈ। ਨਾਵਲ ਦਾ ਬਜ਼ੁਰਗ ਪਾਤਰ ਨੱਥਾ ਸਿੰਘ ਜਿਸ ਪ੍ਰਤੀ ਮਲੂਕੇ ਦੇ ਮਨ ਵਿੱਚ ਬੇਹੱਦ ਸਤਿਕਾਰ ਹੈ, ਮਲੂਕੇ ਨੂੰ ਪੂਰੀ ਹਮਦਰਦੀ ਤੇ ਪਿਆਰ ਨਾਲ ਵਿਦਾ ਕਰਦਾ ਹੈ ਤੇ ਕਹਿੰਦਾ ਹੈ, "ਤੈਨੂੰ ਜਿੱਥੇ ਵੀ ਤੇਰੀ ਜ਼ਿੰਦਗੀ ਲੈ ਕੇ ਜਾਂਦੀ ਹੈ ਜ਼ਰੂਰ ਜਾਣਾ ਚਾਹੀਦਾ ਹੈ। ਤੂੰ ਸ਼ਕਤੀ ਵਾਲ਼ਾ ਏਂ ਤੇ ਤੇਰੀ ਰੂਹ ਬੇਚੈਨ ਹੈ। ਅਸੀਂ ਤੈਨੂੰ ਰੋਕ ਕੇ

ਨਹੀਂ ਰੱਖ ਸਕਦੇ ਜਿਵੇਂ ਇਕ ਪਰਬਤ ਉਹਦੇ ਵਿੱਚੋਂ ਨਿਕਲਣ ਵਾਲੀ ਨਦੀ ਨੂੰ ਰੋਕ ਕੇ ਨਹੀਂ ਰੱਖ ਸਕਦਾ। ਪਰ ਸਾਡਾ ਚੇਤਾ ਨਾ ਭੁਲਾਈਂ।"

ਸਾਧੂ ਸਿੰਘ ਧਾਮੀ ਨੇ ਆਪਣੇ ਇਸ ਨਾਵਲ ਵਿੱਚ ਇਕ ਪੰਜਾਬੀ ਨੌਜਵਾਨ ਦੀ ਕਹਾਣੀ ਇਸ ਅੰਦਾਜ਼ ਵਿੱਚ ਦੱਸੀ ਹੈ ਕਿ ਇਸ ਨਾਲ ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਵੱਖਰਾ ਮਾਹੌਲ ਤੇ ਵੱਖਰੀ ਸੋਚ ਵਿਅਕਤੀ ਨੂੰ ਇਕ ਛੋਟੇ ਜਿਹੇ ਸਮਾਜਿਕ ਘੇਰੇ ਤੋਂ ਆਜ਼ਾਦ ਕਰਕੇ ਸਮੁੱਚੀ ਦੁਨੀਆ ਦੇ ਵਿਸ਼ਾਲ ਘੇਰੇ ਦਾ ਨਾਗਰਿਕ ਬਣਾ ਦਿੰਦੀ ਹੈ। ਪੰਜਾਬੀ ਵਿੱਚ ਛਪਣ ਉਪਰੰਤ ਇਸ ਨਾਵਲ ਨੇ ਵੱਡੀ ਗਿਣਤੀ ਵਿਚ ਪੰਜਾਬੀ ਪਾਠਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ। ਕਿਸੇ ਵੀ ਭਾਈਚਾਰੇ ਦੀ ਸੋਚ ਦੇ ਵਿਕਾਸ ਵਿੱਚ ਇਹ ਕੋਈ ਨਿੱਕੀ ਘਟਨਾ ਨਹੀਂ। ਸਾਹਿਤ ਨਾਲ ਜੁੜੇ ਪੰਜਾਬੀ ਸਮਾਜ ਦੇ ਲੋਕਾਂ ਦੇ ਇਨ੍ਹਾਂ ਅਹਿਸਾਸਾਂ ਨੇ ਖੁਦ ਧਾਮੀ ਨੂੰ ਵੀ ਬੇਹੱਦ ਹੈਰਾਨ ਤੇ ਖੁਸ਼ ਕੀਤਾ ਤੇ ਇਕ ਵਾਰ ਫੇਰ ਆਪਣੇ ਭਾਈਚਾਰੇ ਨਾਲ ਜੋੜਿਆ।

ਮਲੂਕਾ ਨੂੰ ਪੰਜਾਬੀ ਸਾਹਿਤਕ ਜਗਤ ਵਿੱਚ ਮਿਲੇ ਸਥਾਨ ਨੇ ਸਾਧੂ ਸਿੰਘ ਧਾਮੀ ਨੂੰ ਮੁੜ ਸਰਗਰਮੀ ਨਾਲ ਲਿਖਣ ਵੱਲ ਰੁਚਿਤ ਕਰ ਦਿੱਤਾ। ਜੀਵਨ ਦੇ ਉਸ ਪੜਾਅ 'ਤੇ ਵੀ ਉਨ੍ਹਾਂ ਵਿੱਚ ਇਕ ਨਵਾਂ ਜੋਸ਼ ਭਰ ਗਿਆ। ਇਹ ਜੋਸ਼ ਉਨ੍ਹਾਂ ਵਲੋਂ ਮੈਨੂੰ ਵੀ ਤੇ ਹੋਰ ਦੋਸਤਾਂ ਨੂੰ ਉਨ੍ਹਾਂ ਸਾਲਾਂ ਦੌਰਾਨ ਲਿਖੇ ਖ਼ਤਾਂ ਤੋਂ ਦੇਖਿਆ ਜਾ ਸਕਦਾ ਸੀ। ਮੇਰੇ ਕੋਲ ਉਨ੍ਹਾਂ ਦੇ ਅੰਗ੍ਰੇਜ਼ੀ ਵਿੱਚ ਲਿਖੇ ਖ਼ਤਾਂ ਦੀ ਫਾਇਲ ਵਿੱਚ ਪੰਜਾਹ ਦੇ ਕਰੀਬ ਖ਼ਤ ਹਨ ਜਿਨ੍ਹਾਂ ਵਿੱਚ ਕਿਤੇ ਕਿਤੇ ਉਰਦੂ ਸ਼ਾਇਰੀ ਵੀ ਸ਼ਾਮਿਲ ਹੈ। ਉਨ੍ਹਾਂ ਖ਼ਤਾਂ ਵਿੱਚ ਕਈ ਵਾਰੀ ਪੰਜਾਬੀ ਪਾਠਕਾਂ ਵਲੋਂ ਮਿਲਦੇ ਸਤਿਕਾਰ 'ਤੇ ਹੈਰਾਨੀ ਤੇ ਖੁਸ਼ੀ ਦਾ ਇਜ਼ਹਾਰ ਹੁੰਦਾ ਤੇ ਕਈ ਵਾਰ ਇਕਬਾਲ ਦੇ ਇਸ ਸ਼ੇਅਰ ਵਰਗੇ ਸ਼ੇਅਰ ਵੀ ਲਿਖੇ ਹੁੰਦੇ: "ਗਏ ਦਿਨ ਕਿ ਤਨਹਾ ਥਾ ਮੈਂ ਅਜੁੰਮਨ ਮੇਂ ਚਮਨ ਮੇਂ ਮੇਰੇ ਰਾਜ਼ਦਾਨ ਔਰ ਭੀ ਹੈਂ।"

ਇਸ ਨਵੇਂ ਜੋਸ਼ ਤੇ ਊਰਜਾ ਨਾਲ ਸਭ ਤੋਂ ਪਹਿਲਾ ਕੰਮ ਉਨ੍ਹਾਂ ਨੇ ਮਲੂਕਾ ਦਾ ਅਗਲਾ ਹਿੱਸਾ ਮੁਕੰਮਲ ਕਰਨ ਦਾ ਕੀਤਾ ਜਿਸ ਦਾ ਅਨੁਵਾਦ ਮੇਰੇ ਅਧਿਆਪਕ ਡਾਕਟਰ ਸਾਧੂ ਸਿੰਘ ਜੀ ਹੋਰਾਂ ਕੀਤਾ। ਦੋਵਾਂ ਹਿੱਸਿਆਂ ਨੂੰ ਪੰਜਾਬੀ ਆਰਟਸ ਐਸੋਸੀਏਸ਼ਨ ਐਡਮਿੰਟਨ ਵਲੋਂ ਛਪਵਾਇਆ ਗਿਆ ਜਿਸ ਨੂੰ ਬਾਅਦ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਛਾਪਿਆ ਅਤੇ ਫੇਰ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਵੀ। ਧਾਮੀ ਹੋਰੀਂ ਇਸ ਤੋਂ ਬਾਅਦ ਲਗਾਤਾਰ ਲਿਖਣ ਵਿੱਚ ਜੁੱਟੇ ਰਹੇ। ਆਪਣੇ ਕਈ ਪ੍ਰਾਜੈਕਟ ਜੋ ਉਹ ਤਕਰੀਬਨ ਛੱਡ ਹੀ ਚੁੱਕੇ ਸਨ ਜਾਂ ਬੜੀ ਧੀਮੀ ਰਫਤਾਰ ਨਾਲ ਕਰ ਰਹੇ ਸਨ, ਉਨ੍ਹਾਂ ਵੱਲ ਉਹ ਨਵੀਂ ਸ਼ਕਤੀ ਨਾਲ ਮੁੜੇ। ਪੰਜਾਬੀ ਦੇ ਇਕ ਲੇਖਕ ਨੇ ਮਲੂਕੇ ਬਾਰੇ ਲਿਖਦਿਆਂ ਕਿਤੇ ਇਹ ਕਹਿ ਦਿੱਤਾ ਕਿ "ਮਲੂਕਾ" ਧਾਮੀ ਵਲੋਂ ਲਿਖੀ

ਗਈ ਪਹਿਲੀ ਗਲਪ ਰਚਨਾ ਹੈ ਤੇ ਸ਼ਾਇਦ ਆਖਰੀ ਵੀ।" ਧਾਮੀ ਹੋਰਾਂ ਨੂੰ ਇਹ ਗੱਲ ਬਿਲਕੁਲ ਚੰਗੀ ਨਾ ਲੱਗੀ ਤੇ ਉਨ੍ਹਾਂ ਨੇ ਇਕ ਖਤ ਵਿੱਚ ਲਿਖਿਆ ਕਿ "ਮੈਂ ਆਪਣੀ ਕਮਜ਼ੋਰ ਹੋ ਰਹੀ ਨਜ਼ਰ ਦੇ ਬਾਵਜੂਦ ਉਹਨੂੰ ਗਲਤ ਸਾਬਤ ਕਰਾਂਗਾ" (ਆਈ ਸ਼ੈੱਲ ਪਰੂਵ ਹਿੰਮ ਰੋਂਗ। ਇਨਸਪਾਈਟ ਆਫ ਮਾਈ ਫੇਲਿੰਗ ਆਈਜ਼)। ਤੇ ਆਪਣੀ ਕਹੀ ਨੂੰ ਨੇਪਰੇ ਚਾੜ੍ਹਨ ਲਈ ਉਨ੍ਹਾਂ ਨੇ ਇਕ ਹੋਰ ਨਾਵਲ 'ਪਰਾਇਆ ਧਨ' ਲਿਖਿਆ ਜਿਸ ਦਾ ਉਲਥਾ ਵੀ ਡਾਕਟਰ ਸਾਧੂ ਸਿੰਘ ਹੋਰਾਂ ਕੀਤਾ। ਇਸ ਦੌਰਾਨ ਇਕ ਕਿਤਾਬ ਉਨ੍ਹਾਂ ਨੇ ਆਪਣੇ ਪਿੰਡ ਪਿਪੱਲਾਂਵਾਲਾ ਬਾਰੇ ਲਿਖੀ ਜਿਸ ਨੂੰ ਅਵਤਾਰ ਸਿੰਘ ਧਾਲੀਵਾਲ ਨੇ ਪੰਜਾਬੀ ਰੂਪ ਦਿੱਤਾ ਅਤੇ ਇਹ 1995 ਵਿੱਚ ਛਪੀ।

ਉਨ੍ਹਾਂ ਨੇ ਗੁਰੂ ਨਾਨਕ ਬਾਰੇ ਵੀ ਇਕ ਦਿਲਚਸਪ ਕਿਤਾਬ ਲਿਖੀ: 'ਗੁਰੂ ਨਾਨਕ ਪੋਇਟ ਐਂਡ ਫਿਲਾਸਫਰ' ਜੋ ਨਵਤੇਜ ਭਾਰਤੀ ਹੋਰਾਂ ਥਰਡ ਆਈ ਪਬਲੀਕੇਸ਼ਨ ਵਲੋਂ 1989 ਵਿੱਚ ਛਾਪੀ। ਇਸ ਵਿੱਚ ਉਨ੍ਹਾਂ ਬਾਬੇ ਨਾਨਕ ਦੀ ਸੋਚ ਨੂੰ ਆਪਣੀ ਸਤਿਕਾਰ ਭਰੀ ਸੂਝ ਨਾਲ ਦੇਖਿਆ ਅਤੇ ਉਨ੍ਹਾਂ ਦੇ ਦਰਸ਼ਨ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕੀਤਾ ਅਤੇ ਉਨ੍ਹਾਂ ਦਾ ਪੱਛਮ ਦੇ ਫ਼ਿਲਾਸਫਰਾਂ ਅਤੇ ਕਵੀਆਂ ਨਾਲ ਮੁਕਾਬਲਾ ਕੀਤਾ। ਉਨ੍ਹਾਂ ਦੇ ਮਨ ਵਿੱਚ ਬਾਬੇ ਨਾਨਕ ਲਈ ਬੇਹੱਦ ਸਤਿਕਾਰ ਸੀ ਪਰ ਇਕ ਧਾਰਮਿਕ ਵਿਅਕਤੀ ਵਾਲੀ ਸ਼ਰਧਾ ਨਹੀਂ ਸੀ।

ਡਾਕਟਰ ਸਾਧੂ ਸਿੰਘ ਧਾਮੀ ਦੇ ਮਨ ਵਿੱਚ ਤੀਬਰ ਖਾਹਿਸ਼ ਸੀ ਕਿ ਨੌਜਵਾਨ ਆਪਣੀ ਬੌਧਿਕਤਾ ਦਾ ਵਿਕਾਸ ਕਰਨ। ਇਸ ਮਕਸਦ ਲਈ ਉਹਨੇ ਵਿਸ਼ੇਸ਼ ਕਰਕੇ ਦੋ ਕਿਤਾਬਾਂ ਲਿਖੀਆਂ: 'ਯੂਅਰ ਥਨ ਸਟੋਰੀ' (1992); 'ਯੂ ਐਂਡ ਯੂਅਰ ਵਿੱਲ' (1997) ਤੇ ਦੋਵੇਂ ਭਾਰਤ ਦੇ ਨੌਜਵਾਨਾਂ ਨੂੰ ਭੇਟ ਕੀਤੀਆਂ ਹੋਈਆਂ ਹਨ (ਡੈਡੀਕੇਟਿਡ ਟੂ ਦਾ ਯੂਥ ਆਫ ਇੰਡੀਆ)। ਇਸੇ ਸੋਚ ਅਧੀਨ ਉਨ੍ਹਾਂ ਨੇ ਆਪਣੇ ਪਿੰਡ ਆਪਣੀ ਮਾਂ ਦੇ ਨਾਂ 'ਤੇ ਮਾਈ ਮਾਲਾਂ ਐਜੂਕੇਸ਼ਨਲ ਟਰੱਸਟ ਅਤੇ ਲਾਇਬ੍ਰੇਰੀ ਸਥਾਪਿਤ ਕੀਤੀ। ਪਿਪੱਲਾਂਵਾਲਾ ਦੇ ਸਰਦਾਰ ਅਜੀਤ ਸਿੰਘ ਧਾਮੀ ਇਨ੍ਹਾਂ ਦੋਵਾਂ ਅਦਾਰਿਆਂ ਨੂੰ ਅਜੇ ਵੀ ਪੂਰੀ ਲਗਨ ਤੇ ਗੰਭੀਰਤਾ ਨਾਲ ਚਲਾਉਂਦੇ ਹਨ ਅਤੇ ਸਮੇਂ ਸਮੇਂ ਸਾਹਿਤਕ ਤੇ ਸਭਿਆਚਾਰਕ ਸਮਾਗਮ ਕਰਵਾਉਂਦੇ ਹਨ। ਅਜੀਤ ਸਿੰਘ ਧਾਮੀ ਹੋਰਾਂ ਡਾਕਟਰ ਧਾਮੀ ਦੀਆਂ ਕੁਝ ਛੋਟੀਆਂ ਛੋਟੀਆਂ ਪੁਸਤਕਾਂ ਵੀ ਅਨੁਵਾਦ ਕਰਕੇ ਛਾਪੀਆਂ ਹਨ। ਉਹ ਟਰੱਸਟ ਵਲੋਂ 'ਪੁਕਾਰ' ਨਾਂ ਦੀ ਪੁਸਤਕ ਵੀ ਹਰ ਸਾਲ ਛਾਪਦੇ ਰਹੇ ਹਨ। ਡਾਕਟਰ ਧਾਮੀ ਵਲੋਂ ਆਪਣੇ ਪਿੰਡ ਵਿੱਚ ਕੀਤੇ ਇਨ੍ਹਾਂ ਕੰਮਾਂ ਵਿੱਚ ਉਨ੍ਹਾਂ ਦੀ ਪਤਨੀ ਈਡਾ ਰੈਚਨਰ ਦਾ ਵੀ ਕਾਫੀ ਯੋਗਦਾਨ ਸੀ। ਉਹ ਵੀ ਕਈ ਵਾਰ ਧਾਮੀ ਦੇ ਪਿੰਡ ਗਈ ਤੇ ਉਹਨੇ ਪਿੰਡ ਦੀਆਂ ਔਰਤਾਂ ਬਾਰੇ ਅਤੇ ਭਾਰਤ ਵਿੱਚ ਔਰਤਾਂ ਦੀ ਸਥਿਤੀ ਬਾਰੇ ਕੁਝ ਲੇਖ ਵੀ ਲਿਖੇ ਜੋ ਅਜੀਤ ਸਿੰਘ ਧਾਮੀ ਨੇ ਮਾਈ ਮਾਲਾਂ ਐਜੂਕੇਸ਼ਨਲ ਟਰੱਸਟ ਵਲੋਂ

ਅੰਗ੍ਰੇਜ਼ੀ ਅਤੇ ਪੰਜਾਬੀ ਵਿੱਚ ਛਪਵਾਏ। ਸਾਧੂ ਸਿੰਘ ਧਾਮੀ ਹੋਰੀਂ ਆਪਣੇ ਪਿੰਡ ਦੀਆਂ ਇਨ੍ਹਾਂ ਕੋਸ਼ਿਸ਼ਾਂ ਬਾਰੇ ਬੜੇ ਮਾਣ ਤੇ ਉਤਸ਼ਾਹ ਨਾਲ ਗੱਲ ਕਰਿਆ ਕਰਦੇ ਸਨ।

ਡਾਕਟਰ ਧਾਮੀ ਹੋਰਾਂ ਸਮੇਂ ਸਮੇਂ ਵੱਖਰੇ ਵੱਖਰੇ ਵਿਸ਼ਿਆਂ ਬਾਰੇ ਲੇਖ ਲਿਖੇ ਜਿਨ੍ਹਾਂ ਵਿੱਚੋਂ ਕੁਝ ਐੱਸ ਐੱਸ ਪਿਪਲਾਨੀ ਦੇ ਨਾਂ ਥੱਲੇ ਵੀ ਛਪੇ ਸਨ। ਉਨ੍ਹਾਂ ਦੇ ਲੇਖਾਂ ਵਿੱਚੋਂ ਕੁਝ ਇਕ ਹਨ: 'ਕੈਨ ਮੈੱਨ ਆਫ ਕਲਚਰ ਪਰੀਵੈਂਟ ਵਾਰ', 'ਦਾ ਇਮਪੈਕਟ ਆਫ ਬ੍ਰਿਟਿਸ਼ ਆਨ ਇੰਡੀਆ', 'ਬਿਟਵੀਨ ਟੂ ਵਰਲਡਸ', 'ਰਵਿੰਦਰ ਨਾਥ ਟੈਗੋਰ: ਪੋਇਅਟ ਐਂਡ ਫਿਲਾਸਫਰ', 'ਰਿਲਿਜਨ ਇਨ ਇੰਡੋ-ਪਾਕਿਸਤਾਨ ਰੀਲੇਸ਼ਨਜ਼', 'ਡਿਸਕਵਰਿੰਗ ਦਾ ਨਿਊ ਵਰਲਡ'। ਉਨ੍ਹਾਂ ਦੇ ਇਹ ਲੇਖ ਅਕਸਰ ਯੂਨੀਵਰਸਿਟੀਆਂ ਵਲੋਂ ਕੱਢੇ ਜਾਂਦੇ ਪਰਚਿਆਂ ਵਿੱਚ ਛਪਦੇ ਸਨ। ਉਦਾਹਰਨ ਵਜੋਂ, ਕੁਝ ਲੇਖ ਹੈਲੀਫੈਕਸ ਦੀ ਡਲਹੌਜ਼ੀ ਯੂਨੀਵਰਸਿਟੀ ਵਲੋਂ ਛਾਪੇ ਗਏ ਤੇ ਕੁਝ ਕੂਈਨਜ਼ ਯੂਨੀਵਰਸਿਟੀ ਵਲੋਂ।

ਕਨੇਡਾ ਵਿੱਚ ਭਾਰਤੀਆਂ ਦੇ ਮੁੱਢਲੇ ਸਮੇਂ ਦੌਰਾਨ ਹਰ ਕਿਸਮ ਦੇ ਨਸਲਵਾਦ ਦੇ ਬਾਵਜੂਦ ਆਪਣੀ ਹਿੰਮਤ ਤੇ ਸੂਝ ਨਾਲ ਜਿਸ ਤਰ੍ਹਾਂ ਸਾਧੂ ਸਿੰਘ ਧਾਮੀ ਡਾਕਟਰੀ ਦੀ ਡਿਗਰੀ ਤੱਕ ਪੜ੍ਹਾਈ ਕਰਨ ਵਿੱਚ ਕਾਮਯਾਬ ਹੋਏ ਉਸ ਨੂੰ ਯਾਦ ਰੱਖਿਆ ਜਾਣਾ ਚਾਹੀਦਾ ਹੈ। ਜਿਵੇਂ ਇਸ ਲੇਖ ਦੇ ਸ਼ੁਰੂ ਵਿੱਚ ਇਸ਼ਾਰਾ ਕੀਤਾ ਗਿਆ ਸੀ ਕਿ ਇਸ ਗੱਲ ਬਾਰੇ ਵੀ ਕੁਝ ਵਿਚਾਰ ਕਰਨ ਦੀ ਕੋਸ਼ਸ਼ ਕੀਤੀ ਜਾਵੇਗੀ ਕਿ ਉਨ੍ਹਾਂ ਨੂੰ ਕਨੇਡੀਅਨ ਪੰਜਾਬੀ ਭਾਈਚਾਰੇ ਵਲੋਂ ਬਣਦਾ ਮਾਣ ਸਤਿਕਾਰ ਕਿਉਂ ਨਹੀਂ ਦਿੱਤਾ ਗਿਆ ? ਇਸ ਦਾ ਇਕ ਕਾਰਨ ਤਾਂ ਇਹ ਸਮਝ ਆਉਂਦਾ ਹੈ ਕਿ ਅਜੋਕਾ ਕਨੇਡੀਅਨ ਪੰਜਾਬੀ ਭਾਈਚਾਰਾ ਜਿੱਥੇ ਜੀਵਨ ਦੇ ਹੋਰ ਬਹੁਤ ਸਾਰੇ ਖੇਤਰਾਂ ਜਿਵੇਂ ਆਰਥਿਕਤਾ, ਸਿਆਸਤ ਅਤੇ ਧਰਮ ਵਿੱਚ ਦੂਜੇ ਆਵਾਸੀ ਭਾਈਚਾਰਿਆਂ ਦੇ ਮੁਕਾਬਲੇ ਬਹੁਤ ਕਾਮਯਾਬ ਹੈ ਉੱਥੇ ਬੌਧਿਕ ਪੱਖੋਂ ਇਸ ਦੀ ਕੰਗਾਲੀ ਕਿਸੇ ਤੋਂ ਛੁਪੀ ਹੋਈ ਨਹੀਂ। ਸਾਡੇ ਏਥੇ ਜੰਮ ਪਲ਼ ਰਹੇ ਬਹੁਤ ਘੱਟ ਨੌਜਵਾਨ ਯੂਨੀਵਰਸਿਟੀ ਤੱਕ ਪਹੁੰਚਦੇ ਹਨ ਅਤੇ ਜੋ ਪਹੁੰਚਦੇ ਹਨ ਉਨ੍ਹਾਂ ਚੋਂ ਕਿਸੇ ਕਿਸਮ ਦੇ ਸਮਾਜਿਕ ਵਿਗਿਆਨ ਨਾਲ ਸਬੰਧਤ ਵਿਸ਼ੇ ਬਾਰੇ ਪੜ੍ਹਾਈ ਕਰਨ ਵਾਲਾ ਇਕ ਅੱਧ ਹੀ ਹੁੰਦਾ ਹੈ। ਉੱਚ ਵਿਦਿਆ ਵੱਲ ਜਾਣ ਵਾਲ਼ੇ ਬਹੁਤੇ ਨੌਜਵਾਨ ਉਹ ਵਿਸ਼ੇ ਹੀ ਚੁਣਦੇ ਹਨ ਜਿਨ੍ਹਾਂ ਦਾ ਸਿੱਧਾ ਸਬੰਧ ਚੰਗੀ ਆਰਥਿਕ ਕਮਾਈ ਨਾਲ ਹੋਵੇ। ਸੋ ਧਾਮੀ ਵਰਗੇ ਵਿਅਕਤੀ, ਜਿਹਨੇ ਵੀਹਵੀਂ ਸਦੀ ਦੇ ਅੱਧ ਤੋਂ ਪਹਿਲਾਂ ਫਿਲਾਸਫੀ ਦੀ ਪੜ੍ਹਾਈ ਕੀਤੀ ਹੋਵੇ ਅਤੇ ਦੁਨੀਆ ਭਰ ਦੇ ਚਿੰਤਕਾਂ ਨੂੰ ਪੜ੍ਹਿਆ ਤੇ ਮਾਣਿਆ ਹੋਵੇ, ਬਾਰੇ ਜਾਨਣ ਜਾਂ ਉਹਨੂੰ ਯਾਦ ਰੱਖਣ ਵਾਲ਼ੇ ਕਿੱਥੋਂ ਆਉਣ?

ਧਾਮੀ ਨੂੰ ਯਾਦ ਨਾ ਰੱਖਣ ਜਾਂ ਚੇਤਨੇ ਅਚੇਤਨ ਅਣਗੌਲਿਆ ਕਰਨ ਦਾ ਦੂਜਾ ਕਾਰਨ ਉਸ ਦਾ ਨਾਵਲ ਮਲੂਕਾ ਕਿਹਾ ਜਾ ਸਕਦਾ ਹੈ ਜਿਸ ਦਾ ਪਹਿਲਾਂ ਵਿਸਥਾਰ

ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ। ਉਹ ਨਾਵਲ ਮੁੱਖ ਤੌਰ ’ਤੇ ਧਾਮੀ ਦੇ ਆਪਣੇ ਜੀਵਨ ’ਤੇ ਅਧਾਰਤ ਸੀ ਜੋ ਉਸ ਦੇ ਜੀਵਨ ਦਾ ਨਾਵਲੀ ਰੂਪ ਹੈ ਅਤੇ ਜਿਸ ਨੂੰ ਅਕਸਰ ਉਸ ਦੀ ਸਵੈ-ਜੀਵਨੀ ਵਜੋਂ ਵੀ ਦੇਖਿਆ ਤੇ ਪੜ੍ਹਿਆ ਜਾਂਦਾ ਹੈ। ਨਾਵਲ ਦਾ ਪਾਤਰ ਮਲੂਕਾ ਦੂਜੇ ਸ਼ਬਦਾਂ ਵਿੱਚ ਖੁਦ ਸਾਧੂ ਸਿੰਘ ਧਾਮੀ ਜਦ ਏਥੇ ਆਇਆ ਸੀ ਤਾਂ ਉਹ ਕੇਸ਼ਧਾਰੀ ਨੌਜਵਾਨ ਸਿੱਖ ਸੀ। ਧਾਮੀ ਦੇ ਮਾਤਾ ਜੀ ਧਾਰਮਿਕ ਵਿਚਾਰਾਂ ਦੇ ਸਨ ਤੇ ਉਨ੍ਹਾਂ ਨੇ ਸਾਧੂ ਸਿੰਘ ਨੂੰ ਸਕੂਲ ਪੜ੍ਹਦੇ ਸਮੇਂ ਹੀ ਅੰਮ੍ਰਿਤ ਛਕਾ ਦਿੱਤਾ ਸੀ ਤੇ ਸਿੱਖ ਧਰਮ ਨਾਲ ਜੋੜ ਦਿੱਤਾ ਸੀ। ਸਾਧੂ ਸਿੰਘ ਨੇ ਸ਼ੁਰੂ ਦੇ ਕੁਝ ਵਰ੍ਹੇ ਤਾਂ ਪੂਰੀ ਹਿੰਮਤ ਨਾਲ ਹਰ ਕਿਸਮ ਦੇ ਨਸਲਵਾਦ ਦੇ ਬਾਵਜੂਦ ਆਪਣੀ ਸਿੱਖੀ ਕਾਇਮ ਰੱਖੀ ਪਰ ਜਦ ਉਹਨੇ ਇੱਧਰ ਦੀ ਪੜ੍ਹਾਈ ਦੇ ਅਧਾਰ ’ਤੇ ਧਰਮ ਬਾਰੇ ਹੋਰ ਜਾਣਿਆਂ ਤਾਂ ਉਹਦੇ ਮਨ ਵਿੱਚ ਇਸ ਪ੍ਰਤੀ ਸ਼ੰਕਾ ਉਤਪੰਨ ਹੋਣ ਲੱਗੀ। ਨਾਵਲ ਦੇ ਪਹਿਲੇ ਹਿੱਸੇ ਦੇ ਅਖੀਰ ਵਿੱਚ ਮਲੂਕਾ ਆਪਣੇ ਮਨ ਵਿੱਚ ਆਏ ਸ਼ੰਕਿਆਂ ਬਾਰੇ ਚਰਚਾ ਕਰਦਾ ਹੈ:

“ਮਲੂਕੇ ਨੇ ਇਸ ਬਾਰੇ ਬਹੁਤ ਸੋਚਿਆ। ਉਹਦਾ ਧਰਮ ਗੁਰੂ ਨਾਨਕ ਦਾ ਧਰਮ ਜਿਸ ਵਿੱਚ ਉਹਦਾ ਦ੍ਰਿੜ ਵਿਸ਼ਵਾਸ ਸੀ ਕਿ ਸਚਾਈ ਸਦੀਵੀ ਹੁੰਦੀ ਹੈ ਅਤੇ ਇਸ ਦਾ ਕੋਈ ਰੂਪ ਨਹੀਂ ਹੁੰਦਾ, ਸ਼ੁਰੂ ਵਿੱਚ ਭਾਰਤ ਵਿੱਚਲੇ ਵਾਧੂ ਅਤੇ ਝੂਠੀਆਂ ਰਸਮਾਂ ਰਿਵਾਜਾਂ ਵਿਰੁੱਧ ਇਕ ਵਿਦਰੋਹ ਸੀ। ਇਹ ਵਿਦਰੋਹ ਰੂਪਾਂ ਅਤੇ ਚਿੰਨ੍ਹਾਂ ਵਿਰੁੱਧ ਸੀ। ਇਹਨੇ ਮਨੁੱਖ ਦੀ ਰੂਹ ਨੂੰ ਚਾਨਣ, ਦਿਲ ਦੀ ਅਮੀਰੀ ਅਤੇ ਫ਼ਲਦਾਇਕ ਕਰਮਸ਼ੀਲਤਾ ਦੇਣ ਦਾ ਵਾਅਦਾ ਕੀਤਾ ਸੀ।

ਪਰ ਹੁਣ ਸਿੱਖ ਧਰਮ ਵਿੱਚ ਇਹਨਾਂ ਚਿੰਨ੍ਹਾਂ ਅਤੇ ਰੂਪਾਂ ਉੱਤੇ ਹੀ ਕਿਉਂ ਇੰਨਾ ਜ਼ੋਰ ਦਿੱਤਾ ਜਾ ਰਿਹਾ ਸੀ? ਕਿ ਅਣਕੱਟੇ ਕੇਸ ਅਤੇ ਪੱਗ ਗੁਰੂ ਨਾਨਕ ਦੇ ਧਰਮ ਦਾ ਅਟੁੱਟ ਅੰਗ ਸਨ?

... ਇਸ ਲਈ ਮਲੂਕਾ ਇਹ ਸੋਚਦਾ ਸੀ ਕਿ ਭਾਵੇਂ ਇਤਿਹਾਸਕ ਅਤੇ ਮੌਜੂਦਾ ਸਮਾਜਕ ਅਤੇ ਸਿਆਸੀ ਕਾਰਨਾਂ ਕਰਕੇ ਇਕ ਸਿੱਖ ਲਈ ਭਾਰਤ ਵਿੱਚ ਕੇਸ ਰੱਖਣੇ ਅਤੇ ਪੱਗ ਬੰਨ੍ਹਣੀ ਜ਼ਰੂਰੀ ਸਨ ਪਰ ਕੀ ਇਹ ਗੱਲ ਕੈਨੇਡਾ ਵਿੱਚ ਵੀ ਏਨੀ ਹੀ ਮਹੱਤਤਾ ਵਾਲੀ ਸੀ?

ਮਲੂਕਾ ਇਸ ਵਿਚਾਰ ਨਾਲ ਸਹਿਮਤ ਨਾ ਹੋ ਸਕਿਆ।

ਉਹਨੇ ਇਸ ਕਰਕੇ ਕੇਸ ਕਟਾਉਣ ਅਤੇ ਪੱਗ ਲਾਹ ਦੇਣ ਦਾ ਫ਼ੈਸਲਾ ਕਰ ਲਿਆ।”

ਸਾਧੂ ਸਿੰਘ ਧਾਮੀ ਨੇ ਸਮੁੱਚੀ ਦੁਨੀਆ ਦੇ ਰੋਸ਼ਨ ਦਿਮਾਗਾਂ ਦੇ ਪੈਦਾ ਕੀਤੇ ਮਨੁੱਖਤਾ ਨੂੰ ਧਰਮਾਂ, ਨਸਲਾਂ ਦੀਆਂ ਵਲਗਣਾਂ ਤੋਂ ਅੱਗੇ ਲੈ ਜਾਣ ਵਾਲ਼ੇ ਵਿਚਾਰ ਅਪਣਾਏ ਤੇ ਆਪਣੇ ਜੀਵਨ ਨੂੰ ਉਨ੍ਹਾਂ ਅਨੁਸਾਰ ਢਾਲ਼ਿਆ। ਨਾਵਲ ਵਿੱਚ ਮਲੂਕੇ ਵਲੋਂ ਜਾਂ ਕਹਿ ਲਈਏ ਕਿ ਸਾਧੂ ਸਿੰਘ ਧਾਮੀ ਵਲੋਂ ਆਪਣੇ ਧਰਮ ਤੋਂ ਪਾਸੇ ਹੋ ਜਾਣ ਵਾਲ਼ਾ

ਇਹ ਫ਼ੈਸਲਾ ਧਾਰਮਿਕ ਵਿਚਾਰਾਂ ਵਾਲ਼ੇ ਲੋਕਾਂ ਨੂੰ ਨਾ ਉਸ ਵੇਲੇ ਮਨਜ਼ੂਰ ਸੀ ਤੇ ਨਾ ਕਦੇ ਹੋ ਸਕਦਾ ਹੈ। ਸੋ ਇਹ ਵੀ ਇਕ ਸੰਭਾਵੀ ਕਾਰਨ ਹੈ ਕਿ ਕਨੇਡਾ ਦੇ ਪੰਜਾਬੀ ਭਾਈਚਾਰੇ ਵਿੱਚ ਸਾਧੂ ਸਿੰਘ ਧਾਮੀ ਨੂੰ ਇਕ ਯਾਦ ਰੱਖਣ ਵਾਲ਼ੇ ਵਿਅਕਤੀ ਵਜੋਂ ਨਹੀਂ ਦੇਖਿਆ ਜਾਂਦਾ। ਇਸ ਸਬੰਧੀ ਦੋ ਉਦਾਹਰਣਾਂ ਵਿਚਾਰੀਆਂ ਜਾ ਸਕਦੀਆਂ ਹਨ: (1) ਬੀ ਸੀ ਵਿੱਚ 1992 ਵਿੱਚ ਮੁਕਾਬਲਤਨ ਅਗਾਂਹਵਧੂ ਸਿਆਸੀ ਪਾਰਟੀ ਐਨ ਡੀ ਪੀ (ਨਿਊ ਡੈਮੋਕਰੈਟਿਕ ਪਾਰਟੀ) ਦੀ ਸਰਕਾਰ ਬਣੀ। ਉਸ ਸਰਕਾਰ ਵਲੋਂ ਸੂਬੇ ਦੀ ਵਿਦਿਅਕ ਨੀਤੀ ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਜਿਨ੍ਹਾਂ ਦੇ ਨਤੀਜੇ ਵਜੋਂ ਪੰਜਾਬੀ ਨੂੰ ਵੀ ਦੂਜੀਆਂ ਹੋਰ ਪੰਜ ਭਾਸ਼ਾਵਾਂ ਦੇ ਬਰਾਬਰ ਸਕੂਲਾਂ ਵਿੱਚ ਦੂਜੀ ਭਾਸ਼ਾ ਵਜੋਂ ਪੜ੍ਹਾਏ ਜਾਣ ਲਈ ਮਾਨਤਾ ਮਿਲ਼ੀ। ਇਸ ਵਿੱਚ ਪੰਜਾਬੀ ਭਾਈਚਾਰੇ ਦੇ ਨੌਜਵਾਨ ਸਿਆਸੀ ਆਗੂ ਮੋਅ ਸਹੋਤਾ, ਜੋ ਕਨੇਡਾ ਵਿੱਚ ਕਿਸੇ ਵੀ ਸੂਬੇ ਵਿੱਚ ਇਕ ਐਮ ਐਲ ਏ ਵਜੋਂ ਚੁਣੇ ਜਾਣ ਵਾਲ਼ੇ ਪਹਿਲੇ ਪੰਜਾਬੀ ਸਨ, ਦਾ ਵੱਡਾ ਯੋਗਦਾਨ ਸੀ। ਪੰਜਾਬੀ ਦੀਆਂ ਜਮਾਤਾਂ ਵਿੱਚ ਕੀ ਪੜ੍ਹਾਇਆ ਜਾਵੇ, ਬਾਰੇ ਫ਼ੈਸਲਾ ਕਰਨ ਲਈ ਪੰਜਾਬੀ ਭਾਈਚਾਰੇ ਵਿੱਚੋਂ ਕੁਝ ਲੋਕਾਂ ਦੀ ਇਕ ਕਮੇਟੀ ਬਣਾਈ ਗਈ। ਇਸ ਕਮੇਟੀ ਵਲੋਂ ਮਲੂਕਾ ਨਾਵਲ ਰੱਦ ਕਰ ਦਿੱਤਾ ਗਿਆ। ਕਾਰਨ ਇਹ ਦੱਸਿਆ ਗਿਆ ਕਿ ਇਸ ਨਾਵਲ ਵਿੱਚ ਦੂਜੇ ਭਾਈਚਾਰਿਆਂ ਬਾਰੇ ਕੁਝ ਇਤਰਾਜ਼ਯੋਗ ਟਿੱਪਣੀਆਂ ਸਨ। ਪਰ ਅਸਲ ਕਾਰਨ ਸ਼ਾਇਦ ਇਹ ਹੀ ਸੀ ਕਿ ਇਸ ਨਾਵਲ ਦਾ ਨਾਇਕ ਮਲੂਕਾ ਆਪਣੇ ਧਰਮ ਤੋਂ ਪਾਸਾ ਵੱਟ ਲੈਂਦਾ ਹੈ। (2) ਦੂਜੀ ਉਦਾਹਰਣ, ਮਰਹੂਮ ਸਿੱਖ ਚਿੰਤਕ ਸ੍ਰੀ ਦਰਸ਼ਨ ਸਿੰਘ ਤਾਤਲਾ ਦਾ ਮਲੂਕਾ ਨਾਵਲ ਬਾਰੇ ਲਿਖਿਆ ਹੋਇਆ ਇਕ ਲੰਬਾ ਲੇਖ ਹੈ: 'ਸਿੱਖ 'ਆਧੁਨਿਕਤਾ' ਦਾ ਵਿਵਰਣ ਅਤੇ ਅਮਲ 'ਮਲੂਕਾ' ਵਿੱਚ ਕਨੇਡੀਅਨ ਸਿੱਖਾਂ ਦੀ ਪ੍ਰਸਥਿਤੀ ਦਾ ਬਿਰਤਾਂਤ'। ਇਸ ਲੇਖ ਵਿੱਚ ਦਰਸ਼ਨ ਸਿੰਘ ਤਾਤਲਾ ਮਹਿਸੂਸ ਕਰਦਾ ਹੈ ਕਿ ਧਾਮੀ ਨੇ ਕਹਾਣੀ ਉਨ੍ਹਾਂ ਪੰਜਾਬੀਆਂ ਦੀ ਖਾਹਿਸ਼ ਅਨੁਸਾਰ ਨਹੀਂ ਦੱਸੀ। ਦੂਜੇ ਸ਼ਬਦਾਂ ਵਿੱਚ ਧਾਮੀ ਵਲੋਂ ਲਿਖੀ ਕਹਾਣੀ ਇਕ ਗੈਰ ਧਾਰਮਿਕ ਨਜ਼ਰੀਏ ਤੋਂ ਦੱਸੀ ਗਈ ਹੈ ਜੋ ਸਿੱਖ ਭਾਈਚਾਰੇ ਨੂੰ ਮਨਜ਼ੂਰ ਨਹੀਂ।

ਡਾਕਟਰ ਸਾਧੂ ਸਿੰਘ ਧਾਮੀ ਹੋਰਾਂ ਨੂੰ ਅਜੋਕੇ ਭਾਈਚਾਰੇ ਵਿੱਚ ਯਾਦ ਨਾ ਰੱਖਣ ਦੇ ਉੱਪਰ ਵਿਚਾਰੇ ਦੋ ਮੁੱਖ ਕਾਰਨਾਂ, ਪੰਜਾਬੀ ਭਾਈਚਾਰੇ ਦੀ ਬੌਧਿਕ ਗਰੀਬੀ ਤੇ ਸੋਚ ਉੱਪਰ ਧਾਰਮਿਕ ਬੰਦਸ਼ਾਂ, ਤੋਂ ਬਿਨਾਂ ਕੁਝ ਹੋਰ ਵੀ ਕਾਰਨ ਦੇਖੇ ਜਾ ਸਕਦੇ ਹਨ। ਧਾਰਮਿਕ ਭਾਈਚਾਰੇ ਵਾਂਗ ਹੀ ਕਨੇਡੀਅਨ ਪੰਜਾਬੀਆਂ ਦੇ ਅਗਾਂਹਵਧੂ ਹਲਕਿਆਂ ਵਲੋਂ ਵੀ ਉਸ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ। ਇਸ ਦਾ ਕਾਰਨ ਵੀ ਸਮਝ ਪੈਂਦਾ ਹੈ ਕਿ ਧਾਮੀ ਨੇ ਬਾਹਰਲੇ ਪੰਜਾਬੀਆਂ ਵਲੋਂ ਭਾਰਤ ਦੀ ਆਜ਼ਾਦੀ ਲਈ ਤੇ ਸਮਾਜ ਦੀ ਬੇਹਤਰੀ ਲਈ ਕਾਇਮ ਕੀਤੀ ਗਦਰ ਲਹਿਰ ਬਾਰੇ ਵੀ ਆਪਣੀਆਂ

ਲਿਖਤਾਂ ਵਿੱਚ ਕੋਈ ਜ਼ਿਕਰ ਨਹੀਂ ਕੀਤਾ। ਹਾਂ, ਨਾਵਲ ਮਲੂਕਾ ਵਿਚਲੇ ਕੁਝ ਪਾਤਰ, ਖਾਸ ਕਰ ਗੰਡਾ ਸਿੰਘ ਨਾਂ ਦਾ ਪੰਜਾਬੀ, ਜ਼ਰੂਰ ਗਦਰ ਪਾਰਟੀ ਬਾਰੇ ਆਪਣੀ ਵਲੋਂ ਪੂਰੀ ਸ਼ਿੱਦਤ ਨਾਲ ਗੱਲਬਾਤ ਕਰਦਾ ਹੈ ਪਰ ਧਾਮੀ ਖੁਦ ਇਸ ਲਹਿਰ ਦਾ ਹਾਮੀ ਨਹੀਂ ਜਾਪਦਾ। ਲੱਗਦਾ ਹੈ ਕਿ ਧਾਮੀ ਹੋਰਾਂ ਲਈ ਵਿਅਕਤੀਗਤ ਆਜ਼ਾਦੀ ਸਭ ਤੋਂ ਮਹੱਤਵਪੂਰਨ ਮਸਲਾ ਸੀ। ਜਿਹੜੀ ਵੀ ਸੋਚ ਜਾਂ ਵਰਤਾਰਾ ਵਿਅਕਤੀ ਉੱਪਰ ਕੋਈ ਬੰਦਸ਼ ਲਾਉਂਦਾ ਸੀ, ਉਹ ਉਸ ਨੂੰ ਨਾ-ਪਸੰਦ ਸੀ ਭਾਵੇਂ ਉਹ ਧਾਰਮਿਕ ਨਜ਼ਰੀਆ ਹੋਵੇ ਜਾਂ ਸਿਆਸੀ ਵਿਚਾਰ।

ਧਾਰਮਿਕ ਅਤੇ ਸਿਆਸੀ ਨਜ਼ਰੀਏ ਤੋਂ ਪਾਸੇ ਹੋ ਕੇ ਦੇਖਿਆਂ ਇਹ ਮੰਨਣਾ ਪਵੇਗਾ ਕਿ ਡਾਕਟਰ ਸਾਧੂ ਸਿੰਘ ਧਾਮੀ ਪੰਜਾਬੀ ਭਾਈਚਾਰੇ ਦੀ ਇਕ ਵਿਲੱਖਣ ਅਤੇ ਮਾਣਯੋਗ ਹਸਤੀ ਹਨ ਜਿਨ੍ਹਾਂ ਨੇ ਹਿੰਮਤ ਤੇ ਸੂਝ ਨਾਲ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿੱਚ ਲੈਣ ਵਾਲੀ ਸੋਚ ਅਪਣਾਈ ਤੇ ਇਕ ਵੱਖਰੀ ਜੀਵਨ ਜਾਚ ਅਪਣਾ ਕੇ ਸਾਡੇ ਵਾਸਤੇ ਇਕ ਵਧੀਆ ਉਦਾਹਰਣ ਕਾਇਮ ਕੀਤੀ। ਜਿਸ ਸਮੇਂ ਤੇ ਜਿਨ੍ਹਾਂ ਸਥਿਤੀਆਂ ਵਿੱਚ ਸਾਧੂ ਸਿੰਘ ਨੇ ਜੀਵਨ ਦਾ ਇਹ ਵੱਡਾ ਕਦਮ ਪੁੱਟਿਆ ਸਮੁੱਚੇ ਭਾਈਚਾਰੇ ਦੇ ਸਾਹਮਣੇ ਬਿਨਾਂ ਲੁਕ ਲੁਕਾ ਦੇ ਸਾਰੀਆਂ ਧਾਰਮਿਕ ਤੇ ਸੱਭਿਆਚਾਰਕ ਵਲਗਣਾਂ ਤੋਂ ਨਾਬਰ ਹੋ ਜਾਣਾ ਕਿਸੇ ਤਰ੍ਹਾਂ ਵੀ ਕੋਈ ਛੋਟੀ ਗੱਲ ਨਹੀਂ। ਇਸ ਨੂੰ ਆਪਣੇ ਆਪ ਵਿੱਚ ਇਕ ਇਨਕਲਾਬੀ ਕਦਮ ਮੰਨਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਜੇ ਅਸੀਂ ਆਪਣੇ ਅਜੋਕੇ ਸਮੇਂ ਵੱਲ ਨਿਗਾਹ ਮਾਰੀਏ ਤਾਂ ਸਾਨੂੰ ਅਣਗਿਣਤ ਇਹੋ ਜਿਹੇ ਪੰਜਾਬੀ ਲੇਖਕ ਤੇ ਬੁੱਧੀਜੀਵੀ ਦਿਸ ਪੈਣਗੇ ਜੋ ਖੁਦ ਨੂੰ ਅਗਾਂਹਵਧੂ ਤੇ ਤਰਕਸ਼ੀਲ ਵੀ ਦੱਸਦੇ ਹਨ ਪਰ ਨਾਲ ਹੀ ਧਾਰਮਿਕ ਕਦਰਾਂ ਕੀਮਤਾਂ ਤੋਂ ਇੰਚ ਵੀ ਇੱਧਰ ਉੱਧਰ ਹੋਣ ਦੀ ਜ਼ੁਰਅਤ ਨਹੀਂ ਰੱਖਦੇ।


ਡਾਕਟਰ ਸਾਧੂ ਸਿੰਘ ਧਾਮੀ ਨੂੰ ਯਾਦ ਰੱਖਣ ਵਾਲੀ ਤੇ ਸਭ ਤੋਂ ਵੱਧ ਮਾਣ ਕਰਨ ਵਾਲੀ ਗੱਲ ਉਨ੍ਹਾਂ ਵਲੋਂ ਲਿਖਿਆ ਨਾਵਲ 'ਮਲੂਕਾ' ਹੈ ਜਿਸ ਰਾਹੀਂ ਅਸੀਂ ਆਪਣੇ ਪਿਛੋਕੜ ਨੂੰ ਉਸ ਦੇ ਅਸਲੀ ਰੂਪ ਵਿੱਚ ਦੇਖ ਸਕਦੇ ਹਾਂ। ਆਸ ਇਹ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬੀ ਸਾਹਿਤਕ ਭਾਈਚਾਰਾ ਉਨ੍ਹਾਂ ਨੂੰ ਜ਼ਰੂਰ ਯਾਦ ਰੱਖੇਗਾ। ਨਾਲ ਹੀ ਇਹ ਆਸ ਵੀ ਹੈ ਕਿ ਕਨੇਡਾ ਦੇ ਪੰਜਾਬੀ ਸੱਭਿਆਚਾਰ ਅਤੇ ਇਤਿਹਾਸ ਨਾਲ ਨੇੜਤਾ ਰੱਖਣ ਵਾਲ਼ਾ ਕੋਈ ਫਿਲਮਸਾਜ਼ ਇਸ ਨਾਵਲ ਨੂੰ ਅਧਾਰ ਬਣਾ ਕੇ ਸਾਡੇ ਪਿਛੋਕੜ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰੇਗਾ।

**ਸਾਧੂ ਬਿਨਿੰਗ, ਡੀ. ਲਿਟ.**
**sadhu.binning@gmail.com**

## ਸ਼ਾਇਰੀ ਦੀ ਗੁਫ਼ਤਗੂ




ਅੱਜ ਦੇ ਜ਼ਮਾਨੇ 'ਚ ਬੰਦਾ ਕਹਿੰਦਾ ਘੱਟ ਹੈ, ਤੇ ਸਹਿੰਦਾ ਵੱਧ ਏ। ਸੰਸਾਰਿਕ ਤੇ ਮਾਨਸਿਕ ਗੁੰਝਲਾਂ ਨੂੰ 'ਚੁੱਪ ਦੀ ਬੁੱਕਲ' ਹੇਠ ਲੁਕਾਈ ਰੱਖਦਾ ਹੈ। ਤਨਹਾਈ ਦੇ ਵਿਹੜੇ 'ਚ ਜਦੋਂ ਉਹ ਆਪਣੇ ਆਪ ਨਾਲ ਗੁਫ਼ਤਗੂ ਕਰਦਾ ਹੈ ਤੇ ਇਹ ਗੁਫ਼ਤਗੂ ਸ਼ਾਇਰੀ ਦੀ ਕਿਸੇ ਸਿਨਫ਼ 'ਚ ਢਲਦੀ ਹੈ, ਤਾਂ ਚੁੱਪ ਦੀ ਆਵਾਜ਼ ਸਾਨੂੰ ਆਪਣੇ-ਆਪਣੇ ਅੰਦਰ ਬੱਝੀ 'ਚੁੱਪ ਦੀ ਬੁੱਕਲ ਖੋਲ੍ਹਣ ਦਾ ਹੋਕਾ ਦਿੰਦੀ ਹੈ। ਆਪਣੇ ਸ਼ਿਅਰੀ ਮਜਮੂਏ 'ਚੁੱਪ ਦੀ ਬੁੱਕਲ' ਵਿੱਚ ਅਮਜਦ ਆਰਫ਼ੀ ਨੇ



ਬੁੱਕਲ ਖੋਲ੍ਹ ਕੇ ਜਿਹੜੇ ਦੁੱਖ-ਦਰਦ ਵਿਖਾਏ ਹਨ, ਉਹ ਸਭਨਾਂ ਦੇ ਸਾਂਝੇ ਹਨ। ਸਾਝੀਆਂ ਚੀਸਾਂ ਹਨ, ਸਾਂਝੇ ਵਿਗੋਚੇ ਹਨ, ਸਾਂਝੀਆਂ ਦੁਆਵਾਂ ਹਨ। ਉਹਦੀ ਸ਼ਾਇਰੀ 'ਚ ਮਿੱਟੀ ਦੀ ਮਹਿਕ ਹੈ, ਜ਼ੁਬਾਨ ਦਾ ਮੋਹ ਹੈ, ਖੁਸ਼ੀ ਦੇ ਅੱਥਰੂ ਹਨ, ਦੁੱਖ ਦੀ ਕਿਲਕਾਰੀ ਹੈ ਤੇ ਸਾਰੀ ਦਿਹਾੜੀ ਹਲ ਵਾਹੁੰਦੇ ਕਿਸਾਨ ਦੀ ਸਕੂਨ ਭਰੀ ਥਕਾਵਟ ਹੈ। ਬੰਦਾ ਭਾਵੇਂ ਸੱਤ ਸਮੁੰਦਰੋਂ ਪਾਰ ਬੈਠਾ ਹੋਵੇ ਭਾਵੇਂ ਇਕ ਦਰਿਆਓਂ ਪਾਰ, ਵਿਗੋਚੇ ਸਭਨਾਂ ਨੂੰ ਇੱਕੋ ਜਿਹੀ ਧੂਹ ਪਾਂਦੇ ਨੇ। ਆਰਫ਼ੀ ਨੇ ਆਪਣੀ ਚੁੱਪ ਨੂੰ ਆਵਾਜ਼ ਦੇਣ ਲਈ ਗ਼ਜ਼ਲ ਵਰਗੀ ਮੁਸ਼ਕਿਲ ਸਮਝੀ ਜਾਂਦੀ ਸਿਨਫ਼ ਨੂੰ ਅਪਣਾਇਆ ਹੈ ਤੇ ਬਖ਼ੂਬੀ ਨਿਭਾਇਆ ਹੈ। ਛੋਟੀ ਬਹਿਰ ਵਿਚ ਉਸ ਨੂੰ ਖ਼ਾਸ ਮੁਹਾਰਤ ਹੈ। ਗ਼ਜ਼ਲ ਵਿਚ ਲਫ਼ਜ਼ਾਂ ਦੇ ਨਗੀਨੇ ਜੜਨੇ ਵੀ ਉਹ ਜਾਣਦਾ ਹੈ। ਆਰਫ਼ੀ ਦੀ ਸ਼ਾਇਰੀ ਮਾਂ ਬੋਲੀ ਦੇ ਖ਼ਜ਼ਾਨੇ ਭਰਪੂਰ ਕਰਦੀ ਰਹੇ। ਇਸ ਦੁਆ ਨਾਲ ਚੁੱਪ ਦੀ ਬੁੱਕਲ ਨੂੰ ਖ਼ੁਸ਼ ਆਮਦੀਦ।

# ਸਰਗਰਮੀਆਂ...

## ਪਰਵਾਸੀ ਸਾਹਿਤ ਅਧਿਐਨ ਕੇਂਦਰ

### ਪਰਮਿੰਦਰ ਸੋਢੀ, ਸੁਰਿੰਦਰ ਗੀਤ, ਹਰਦਿਆਲ ਚੀਮਾ, ਨਕਸ਼ਦੀਪ ਪੰਜਕੋਹਾ, ਨੀਲੂ ਜਰਮਨੀ ਤੇ ਪ੍ਰੀਤ ਗਿੱਲ ਦਾ ਸਨਮਾਨ



ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਵਾਸੀ ਲੇਖਕ ਮਿਲਣੀ ਤੇ ਪਰਵਾਸ ਮੈਗਜ਼ੀਨ ਦਾ 'ਆਸਟਰੇਲੀਆ ਵਿਸ਼ੇਸ਼ ਅੰਕ' ਲੋਕ ਅਰਪਣ ਸਮਾਗਮ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਤੇ ਪ੍ਰਧਾਨ ਕਾਲਜ ਪ੍ਰਬੰਧਕ ਕਮੇਟੀ ਨੇ ਕੀਤੀ। ਪ੍ਰੋ. ਗੁਰਭਜਨ ਸਿੰਘ ਗਿੱਲ ਪ੍ਰਧਾਨ ਲੋਕ ਵਿਰਾਸਤ ਅਕੈਡਮੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪਰਵਾਸੀ ਪੰਜਾਬੀ ਲੇਖਕ ਪਰਮਿੰਦਰ ਸੋਢੀ (ਜਾਪਾਨ), ਗ. ਸ. ਨਕਸ਼ਦੀਪ ਪੰਜਕੋਹਾ (ਅਮਰੀਕਾ), ਸ. ਹਰਦਿਆਲ ਸਿੰਘ ਚੀਮਾ (ਅਮਰੀਕਾ) ਨੀਲੂ (ਜਰਮਨੀ), ਸੁਰਿੰਦਰ ਗੀਤ (ਕੈਨੇਡਾ), ਪ੍ਰੀਤ ਗਿੱਲ (ਕੈਨੇਡਾ) ਨੇ ਵੀ ਉਚੇਚੇ ਤੌਰ 'ਤੇ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ। ਡਾ. ਸ. ਪ. ਸਿੰਘ ਨੇ ਸਭ ਨੂੰ ਰਸਮੀ ਤੌਰ 'ਤੇ ਜੀ ਆਇਆਂ ਆਖਦਿਆਂ ਉਨ੍ਹਾਂ ਨੇ ਕਿਹਾ ਕਿ ਕੋਰੋਨਾ ਕਾਲ ਦੀਆਂ ਆਨਲਾਈਨ ਸਰਗਰਮੀਆਂ ਤੋਂ ਬਾਅਦ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਇਹ ਪਹਿਲਾਂ ਰੂ ਬ ਰੂ ਸਮਾਗਮ ਹੈ। ਪਰਵਾਸ ਦੇ ਪ੍ਰਕਾਸ਼ਿਤ ਹੋਣ ਜਾ ਰਹੇ ਆਸਟ੍ਰੇਲੀਆ ਵਿਸ਼ੇਸ਼ ਅੰਕ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਇਸ ਅੰਕ ਵਿਚ ਆਸਟ੍ਰੇਲੀਆ ਵਿਚ ਸਰਗਰਮ ਵੱਖ ਵੱਖ ਸਾਹਿਤ ਸਭਾਵਾਂ ਦੀ ਜਾਣਕਾਰੀ

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

ਤੋਂ ਇਲਾਵਾ ਇਸ ਵੇਲੇ ਆਸਟ੍ਰੇਲੀਆ ਵਿਚ ਸੱਤਰ ਦੇ ਕਰੀਬ ਪੰਜਾਬੀ ਸਾਹਿਤ ਸਿਰਜਣਾ ਕਰ ਰਹੇ ਪਰਵਾਸੀ ਲੇਖਕਾਂ ਦਾ ਵੇਰਵਾ ਮੌਜੂਦ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਇਸ ਮੌਕੇ ਆਪਣਾ ਵਿਸ਼ੇਸ਼ ਭਾਸ਼ਨ ਦਿੰਦੇ ਹੋਏ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਅੱਜ ਵਿਸ਼ਵ ਭਰ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕਰ ਚੁੱਕਾ ਹੈ ਅਤੇ ਇਸ ਪਛਾਣ ਸਦਕਾ ਵੱਖ ਵੱਖ ਮੁਲਕਾਂ ਦੇ ਪਰਵਾਸੀ ਲੇਖਕ ਸਾਡੇ ਸੱਦੇ ਨੂੰ ਪ੍ਰਵਾਨ ਕਰਦੇ ਹੋਏ ਅੱਜ ਸਾਡੇ ਦਰਮਿਆਨ ਹਾਜ਼ਰ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਵਿਸ਼ਵ ਭਰ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਲਈ ਕੰਮ ਕਰ ਰਹੀਆਂ ਸਾਹਿਤ ਸਭਾਵਾਂ ਨੂੰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨਾਲ ਲਗਾਤਾਰ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਸ੍ਰੋਤਿਆਂ ਨਾਲ ਇਸ ਮੌਕੇ ਸਾਂਝੀਆਂ ਕੀਤੀਆਂ। ਇਸ ਉਪਰੰਤ ਪਰਵਾਸੀ ਪੰਜਾਬੀ ਲੇਖਕਾਂ ਨੇ ਆਪੋ ਆਪਣੇ ਮੁਲਕਾਂ ਵਿਚ ਪੰਜਾਬੀ ਸਾਹਿਤ ਦੀ ਸਥਿਤੀ ਬਾਰੇ ਚਰਚਾ ਕੀਤੀ ਤੇ ਆਪੋ ਆਪਣਾ ਸਾਹਿਤਕ ਸਫ਼ਰ ਅਤੇ ਆਪਣੀਆਂ ਰਚਨਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਪਰਵਾਸ ਮੈਗਜ਼ੀਨ ਦੇ ਉਹ 13 ਅੰਕ ਵੀ ਲੋਕ ਅਰਪਣ ਕੀਤੇ ਗਏ ਜਿਹੜੇ ਕਰੋਨਾ ਕਾਲ ਦੌਰਾਨ ਈ-ਕਾਪੀ ਦੇ ਰੂਪ ਵਿਚ ਪਾਠਕਾਂ ਤੱਕ ਪਹੁੰਚੇ ਸਨ। ਸਿਆਟਲ ਤੋਂ ਆਏ ਗੀਤਕਾਰ ਹਰਦਿਆਲ ਸਿੰਘ ਚੀਮਾ ਦੀ ਪੁਸਤਕ 'ਸਿੱਖ ਵਿਰਾਸਤ ਬਾਲ ਬੋਧ' ਵੀ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਗ. ਸ. ਨਕਸ਼ਦੀਪ ਪੰਜਕੋਹਾ ਨੇ ਕਿਹਾ ਕਿ ਉਹ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਵੱਲੋਂ ਵਿਰਾਸਤ, ਇਤਿਹਾਸ ਤੇ ਖੋਜ ਸਬੰਧੀ ਕੰਮ ਕਰਨ ਵਾਲੇ ਪਰਵਾਸੀ ਲੇਖਕਾਂ ਨੂੰ ਆਪਣੇ ਪਰਿਵਾਰ ਵੱਲੋਂ ਹਰ ਸਾਲ ਇਕਵੰਜਾ ਹਜ਼ਾਰ ਰੁਪਏ ਦਾ ਪੁਰਸਕਾਰ ਦਿਆ ਕਰਨਗੇ ਜਿਸ ਦਾ ਫ਼ੈਸਲਾ ਇਹ ਕੇਂਦਰ ਕਰੇਗਾ। ਪ੍ਰੋਗਰਾਮ ਦੇ ਅਖੀਰ ਤੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਸਭ ਦਾ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ. ਲੁਧਿਆਣਾ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਹਿੰਦੀ ਵਿਭਾਗ ਦੇ ਪ੍ਰੋ. ਦਲੀਪ ਸਿੰਘ, ਅੰਗਰੇਜ਼ੀ ਵਿਭਾਗ ਦੇ ਡਾ. ਮਨਦੀਪ ਕੌਰ ਰੰਧਾਵਾ,ਪਰਵਾਸ ਦੇ ਸਹਾਇਕ ਸੰਪਾਦਕ ਰਾਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

# ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਤੇ ਸਾਹਿਤਕਾਰ ਗੁਰਮੀਤ ਪਲਾਹੀ ਦੀ ਫੇਰੀ




ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਖੇ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਤੇ ਉੱਘੇ ਸਮਾਜ ਸੇਵੀ ਸ੍ਰੀ ਸੁੱਖੀ ਬਾਠ ਤੇ ਸਾਹਿਤਕਾਰ ਗੁਰਮੀਤ ਪਲਾਹੀ ਨੇ ਫੇਰਾ ਪਾਇਆ। ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਲੁਧਿਆਣਾ ਨੇ ਉਨ੍ਹਾਂ ਨੂੰ ਰਸਮੀ ਤੌਰ ’ਤੇ ਜੀ ਆਇਆ ਕਿਹਾ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀਆਂ ਭਵਿੱਖ ਦੀਆਂ ਸਰਗਰਮੀਆਂ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ ਗਈਆਂ। ਸ੍ਰੀ ਸੁੱਖੀ ਬਾਠ ਨੇ ਜਲੰਧਰ ਵਿਖੇ ਸਥਾਪਿਤ ਕੀਤੇ ਗਏ ਪੰਜਾਬ ਭਵਨ ਦੇ ਦਫ਼ਤਰ ਦੀਆਂ ਸਾਹਿਤਕ ਸਰਗਰਮੀਆਂ ਤੇ ਸਤੰਬਰ ਮਹੀਨੇ ਪੰਜਾਬ ਭਵਨ ਸਰੀ ਵਿਚ ਹੋਣ ਵਾਲੀ ਅੰਤਰਾਸ਼ਟਰੀ ਕਾਨਫ਼ਰੰਸ ਬਾਰੇ ਦੱਸਿਆ। ਇਸ ਮੌਕੇ ‘ਪਰਵਾਸ’ ਮੈਗਜ਼ੀਨ ਦਾ ਸਤਾਰਵਾਂ ਆਸਟਰੇਲੀਆ ਵਿਸ਼ੇਸ਼ ਅੰਕ (ਹਾਰਡ ਕਾਪੀ) ਜੋ ਕਿ ਕਾਲਜ ਦੇ ਜੀ. ਜੀ. ਐਨ. ਗ੍ਰਾਫਿਕਸ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ, ਨੂੰ ਲੋਕ ਅਰਪਣ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਭਵਨ ਸਰੀ ਕੈਨੇਡਾ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ 2017 ਤੋਂ ਆਪਸ ਵਿਚ ਸਹਿਯੋਗੀ ਸੰਸਥਾਵਾਂ ਹਨ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਸੁੱਖੀ ਬਾਠ ਦੁਆਰਾ ਸਾਹਿਤ ਅਤੇ ਸਮਾਜ ਭਲਾਈ ਲਈ ਕੀਤੇ ਜਾਂਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਉਹਨਾਂ ਦਾ ਕਾਲਜ ਆਉਣ ਲਈ ਰਸਮੀ ਤੌਰ ’ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ., ਪੰਜਾਬੀ ਵਿਭਾਗ ਦੇ ਮੁੱਖੀ ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ ਅਤੇ ਡਾ. ਤੇਜਿੰਦਰ ਕੌਰ ਹਾਜ਼ਰ ਰਹੇ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਅਮਰੀਕਾ ਵਾਸੀ ਲੇਖਕ ਪ੍ਰਿੰਸੀਪਲ ਹਰਨੇਕ ਸਿੰਘ ਦਾ ਸਨਮਾਨ




ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਅਮਰੀਕਾ ਵਾਸੀ ਲੇਖਕ ਪ੍ਰਿੰਸੀਪਲ ਹਰਨੇਕ ਸਿੰਘ ਦਾ ਕਹਾਣੀ ਸੰਗ੍ਰਹਿ 'ਕੱਲਰ 'ਚ ਖਿੜਿਆ ਫੁੱਲ' ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਹਰਨੇਕ ਸਿੰਘ ਨੇ ਦੱਸਿਆ ਕਿ ਉਹਨਾਂ ਦਾ ਪਿਛਲਾ ਪਿੰਡ ਲੋਹਗੜ੍ਹ ਲੁਧਿਆਣਾ ਹੈ ਤੇ 2019 ਤੋਂ ਉਹ ਕੈਲੇਫੋਰਨੀਆ ਵਾਸੀ ਹਨ। ਉਹਨਾਂ ਨੇ ਦੱਸਿਆ ਕਿ ਇਸ ਕਹਾਣੀ ਸੰਗ੍ਰਹਿ ਵਿਚ 9 ਕਹਾਣੀਆਂ ਹਨ। ਰੂਪ ਵਿਧਾਨ ਦੇ ਪੱਖੋਂ ਇਹ ਕਹਾਣੀਆਂ ਸਹਿਜ ਹਨ ਤੇ ਵਸਤੂ ਪੱਖ ਤੋਂ ਇਹ ਜਨ ਸਾਧਾਰਨ ਦੀ ਵਿਚਲਿਤ ਸਥਿਤੀ ਨੂੰ ਪੇਸ਼ ਕਰਦੀਆਂ ਹਨ। ਪੰਜਾਬੀ ਵਿਭਾਗ ਦੇ ਮੁੱਖੀ ਡਾ. ਭੁਪਿੰਦਰ ਸਿੰਘ ਨੇ ਪ੍ਰਿੰਸੀਪਲ ਹਰਨੇਕ ਸਿੰਘ ਨੂੰ ਉਹਨਾਂ ਦੇ ਪਲੇਠੇ ਕਹਾਣੀ ਸੰਗ੍ਰਹਿ ਲਈ ਮੁਬਾਰਕ ਦਿੰਦੇ ਹੋਏ ਕਿਹਾ ਕਿ ਉਹਨਾਂ ਦਾ ਇਹ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਆਪਣੇ ਵੱਲ ਜ਼ਰੂਰ ਆਕਰਸ਼ਿਤ ਕਰੇਗਾ ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ, ਡਾ. ਭੁਪਿੰਦਰ ਸਿੰਘ ਅਤੇ ਪ੍ਰੋ. ਸ਼ਰਨਜੀਤ ਕੌਰ ਵਲੋਂ ਲੇਖਕ ਤੇ ਉਹਨਾਂ ਦੀ ਪਤਨੀ ਨੂੰ ਸਨਮਾਨ ਚਿੰਨ੍ਹ ਭੇਟਾ ਕੀਤਾ ਗਿਆ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

# ਕੁਲਵਿੰਦਰ (ਅਮਰੀਕਾ) ਦਾ ਗ਼ਜ਼ਲ ਸੰਗ੍ਰਹਿ ਸ਼ਾਮ ਦੀ ਸ਼ਾਖ਼ 'ਤੇ ਲੋਕ ਅਰਪਣ



ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਅਮਰੀਕਾ ਵੱਸਦੇ ਸ਼ਾਇਰ ਕੁਲਵਿੰਦਰ ਦਾ ਗ਼ਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ ਤੇ' ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਲੁਧਿਆਣਾ ਨੇ ਕੁਲਵਿੰਦਰ ਨੂੰ ਉਹਨਾਂ ਦੇ ਨਵ ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ ਲਈ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪਰਵਾਸੀ ਕੇਂਦਰ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਤ੍ਰੈ ਮਾਸਿਕ ਪੱਤ੍ਰਿਕਾ 'ਪਰਵਾਸ' ਦੇ ਉਹ ਸਲਾਹਕਾਰ ਬੋਰਡ ਦੇ ਮੈਂਬਰ ਹਨ। ਪ੍ਰੋ. ਗੁਰਭਜਨ ਗਿੱਲ ਨੇ ਦੱਸਿਆ ਕਿ ਕੁਲਵਿੰਦਰ ਦਾ ਇਹ ਤੀਸਰਾ ਗ਼ਜ਼ਲ ਸੰਗ੍ਰਹਿ ਹੈ ਇਸ ਤੋਂ ਪਹਿਲਾਂ ਉਸਦੇ 'ਬਿਰਖਾਂ ਅੰਦਰ ਉੱਗੇ ਖੰਡਰ' ਅਤੇ 'ਨੀਲੀਆਂ ਲਾਟਾਂ ਦਾ ਸੇਕ' ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ 'ਇਕੱਤੀ ਨਗੀਨੇ' ਉਸ ਵਲੋਂ ਸੰਪਾਦਿਤ ਪੁਸਤਕ ਹੈ। ਉਹਨਾਂ ਨੇ ਦੱਸਿਆ ਕਿ ਕੁਲਵਿੰਦਰ ਦੀਆਂ ਗ਼ਜ਼ਲਾਂ ਵਿਚ ਮਨੁੱਖ ਦੀ ਬੇਵੱਸੀ ਦਾ ਜ਼ਿਕਰ ਦੇਸ ਤੋਂ ਪਰਦੇਸ ਦਾ ਰੁਝਾਨ, ਉਦਾਸੀ ਤੋਂ ਆਸ ਦਾ ਸਫ਼ਰ ਝਲਕਦਾ ਹੈ। ਪੰਜਾਬੀ ਜਨ ਜੀਵਨ ਵਿਚੋਂ ਲਏ ਬਿੰਬ ਅਤੇ ਪ੍ਰਤੀਕ ਉਸਦੀ ਪੰਜਾਬੀ ਧਰਾਤਲ ਨਾਲ ਗੂੜ੍ਹੀ ਸਾਂਝ ਨੂੰ ਰੂਪਮਾਨ ਕਰਦੇ ਹਨ। ਇਸ ਮੌਕੇ ਸ. ਸਾਹਿਬ ਥਿੰਦ, ਪ੍ਰਧਾਨ ਪ੍ਰੋਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਸਰੀ, ਕੈਨੇਡਾ, ਡਾ. ਮੁਖਤਿਆਰ ਸਿੰਘ, ਕੈਨੇਡਾ, ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ., ਪੰਜਾਬੀ ਵਿਭਾਗ ਦੇ ਮੁੱਖੀ ਡਾ. ਭੁਪਿੰਦਰ ਸਿੰਘ, ਪ੍ਰੋ. ਸ਼ਰਨਜੀਤ ਕੌਰ ਅਤੇ ਡਾ. ਤੇਜਿੰਦਰ ਕੌਰ ਹਾਜ਼ਰ ਰਹੇ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਸੁਰਿੰਦਰ ਸੀਰਤ ਦਾ ਕਹਾਣੀ ਸੰਗ੍ਰਹਿ 'ਪੂਰਬ ਪੱਛਮ ਤੇ ਪਰਵਾਸ' ਲੋਕ ਅਰਪਣ



ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਅਮਰੀਕਾ ਵੱਸਦੇ ਲੇਖਕ ਸੁਰਿੰਦਰ ਸੀਰਤ ਦਾ ਕਹਾਣੀ ਸੰਗ੍ਰਹਿ 'ਪੂਰਬ ਪੱਛਮ ਤੇ ਪਰਵਾਸ' ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਡਾ. ਸ. ਪ. ਸਿੰਘ ਨੇ ਦੱਸਿਆ ਕਿ ਗਲਪ ਦੇ ਖੇਤਰ ਵਿਚ ਇਹ ਉਹਨਾਂ ਦੀ ਦੂਸਰੀ ਪੁਸਤਕ ਹੈ। ਇਸ ਤੋਂ ਪਹਿਲਾਂ ਉਹਨਾਂ ਦਾ ਨਾਵਲ 'ਭਰਮ ਭੁਲਈਆ' 1986 ਵਿਚ ਪ੍ਰਕਾਸ਼ਿਤ ਹੋਇਆ ਤੇ ਸੱਤ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਮੌਕੇ ਸੁਰਿੰਦਰ ਸੀਰਤ ਨੇ ਆਪਣੇ ਰਚਨਾ ਸੰਸਾਰ ਬਾਰੇ, ਅਮਰੀਕਾ ਦੇ ਜਨ ਜੀਵਨ, ਪਰਵਾਸ ਦੇ ਅਨੁਭਵ, ਅਮਰੀਕਾ ਵਿਚ ਪੰਜਾਬੀ ਸਾਹਿਤ ਦੀ ਸਥਿਤੀ, ਸਾਹਿਤ ਸਭਾਵਾਂ ਦੀ ਕਾਰਗੁਜਾਰੀ ਬਾਰੇ ਚਰਚਾ ਕੀਤੀ। ਪ੍ਰੋ. ਗੁਰਭਜਨ ਗਿੱਲ ਨੇ ਕਿਹਾ 'ਪੂਰਬ ਪੱਛਮ ਤੇ ਪਰਵਾਸ' ਵਿਚ ਕੁੱਲ ਗਿਆਰਾਂ ਕਹਾਣੀਆਂ ਹਨ। ਜਿਨ੍ਹਾਂ 'ਚ ਭਾਰਤ ਤੋਂ ਹਿਜ਼ਰਤ ਕਰਕੇ ਅਮਰੀਕਾ ਆਣ ਵੱਸੇ ਪਰਵਾਸੀਆਂ ਦੀ ਜੀਵਨ ਗਾਥਾ ਨੂੰ ਚਿਤਰਿਆ ਗਿਆ ਹੈ। ਇਹਨਾਂ ਕਹਾਣੀਆਂ ਨੂੰ ਪੜਦਿਆਂ ਇਹਨਾਂ ਵਿਚੋਂ ਜੰਮੂ ਕਸ਼ਮੀਰ ਖਿੱਤੇ ਦੀ ਅਨੂਠੀ ਰੰਗਤ ਵਾਲੀ ਪੰਜਾਬੀ ਦੀ ਮਹਿਕ ਆਉਂਦੀ ਹੈ। ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ. ਨੇ ਕਿਹਾ ਕਿ ਅਮਰੀਕਾ ਵਾਸੀ ਬਨਣ ਤੋਂ ਪਹਿਲਾ ਹੀ ਸੀਰਤ ਨੇ ਜੰਮੂ ਕਸ਼ਮੀਰ ਅਤੇ ਪੰਜਾਬ ਦੇ ਸਾਹਿਤਕ ਜਗਤ ਵਿਚ ਆਪਣੀ ਪਛਾਣ ਕਾਇਮ ਕਰ ਲਈ ਸੀ। ਗ਼ਜ਼ਲ ਉਸਦੀ ਮਨਪੰਸਦ ਸਿਨਫ਼ ਹੈ ਅਤੇ ਗਲਪ ਦੇ ਖੇਤਰ ਵਿਚ ਉਸਨੇ ਨਾਵਲ ਅਤੇ ਕਹਾਣੀ ਦੋਹਾਂ ਹੀ ਵਿਧਾਵਾਂ ਵਿਚ ਸਨਮਾਨ-ਜਨਕ ਹਾਜ਼ਰੀ ਲਗਵਾਈ ਹੈ। ਇਸ ਮੌਕੇ ਸ. ਸਾਹਿਬ ਥਿੰਦ, ਕੈਨੇਡਾ, ਪੰਜਾਬੀ ਵਿਭਾਗ ਦੇ ਮੁੱਖੀ ਡਾ. ਭੁਪਿੰਦਰ ਸਿੰਘ ਅਤੇ ਡਾ. ਮਨਦੀਪ ਕੌਰ ਹਾਜ਼ਰ ਰਹੇ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

# ਅਣਖ਼ੀਲਾ ਧਰਤੀ ਪੁੱਤਰ: ਦੁੱਲਾ ਭੱਟੀ ਤੇ ਸ਼ੀਸ਼ੇ ਦੇ ਅੱਖਰ ਲੋਕ ਅਰਪਣ



ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਧਰਮ ਸਿੰਘ ਗੁਰਾਇਆ (ਅਮਰੀਕਾ) ਦੀ ਪੁਸਤਕ 'ਦੁੱਲਾ ਭੱਟੀ' ਅਤੇ ਹਰਦਮ ਸਿੰਘ ਮਾਨ (ਕੈਨੇਡਾ) ਦਾ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦੇ ਅੱਖਰ' ਲੋਕ ਅਰਪਣ ਕੀਤੇ ਗਏ ਇਸ ਸਮਾਗਮ ਵਿੱਚ ਡਾ. ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕੈਡਮੀ ਲੁਧਿਆਣਾ, ਪਰਵਾਸੀ ਪੰਜਾਬੀ ਲੇਖਕ ਸ. ਸੁਰਿੰਦਰ ਸਿੰਘ ਸੁੰਨੜ ਮੁੱਖ ਸੰਪਾਦਕ ਆਪਣੀ ਆਵਾਜ਼ ਮੈਗਜ਼ੀਨ, ਸ. ਗੁਰਪ੍ਰੀਤ ਸਿੰਘ ਤੂਰ ਸਾਬਕਾ ਕਮਿਸ਼ਨਰ ਪੁਲੀਸ, ਡਾ. ਗੁਰਇਕਬਾਲ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਅਤੇ ਡਾ. ਰਮੇਸ਼ ਕੁਮਾਰ ਯਮੁਨਾਨਗਰ (ਹਰਿਆਣਾ) ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਆਰੰਭ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਮੌਜੂਦਾ ਪ੍ਰਧਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਨੇ ਕੀਤਾ। ਉਨ੍ਹਾਂ ਸਭ ਲੇਖਕਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਅੱਜ ਇਹ ਦੋ ਪੁਸਤਕਾਂ ਲੋਕ ਅਰਪਣ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਰਵਾਸੀ ਕੇਂਦਰ ਵੱਲੋਂ ਇਹ ਪੁਸਤਕਾਂ ਸਮਾਲੋਚਕਾਂ ਨੂੰ ਭੇਜ ਕੇ ਇਨ੍ਹਾਂ ਉੱਤੇ ਵਿਚਾਰ ਚਰਚਾ ਹਿੱਤ ਵੈਬੀਨਾਰ ਦਾ ਆਯੋਜਨ ਵੀ ਕਰਵਾਇਆ ਜਾਵੇਗਾ। ਇਸ ਮੌਕੇ ਪ੍ਰੋ. ਗੁਰਭਜਨ ਸਿੰਘ ਗਿੱਲ ਨੇ 'ਦੁੱਲਾ ਭੱਟੀ' ਪੁਸਤਕ ਬਾਰੇ ਵਿਚਾਰ ਚਰਚਾ ਕਰਦੇ ਹੋਏ ਕਿਹਾ ਕਿ ਧਰਮ ਸਿੰਘ ਗੁਰਾਇਆ ਨੇ ਪੰਜਾਬ ਦੇ ਲੋਕ ਨਾਇਕ ਦੁੱਲਾ ਭੱਟੀ ਦੀ ਇਸ ਪੁਸਤਕ ਸਿਰਜਣਾ ਦੇ ਲਈ ਖੇਤਰੀ

ਕਾਰਜ ਕਰਕੇ, ਤੱਥ ਇਕੱਤਰ ਕਰਕੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਇਸ ਪੁਸਤਕ ਦੀ ਸਿਰਜਣਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਦੁੱਲਾ ਭੱਟੀ ਬਾਰੇ ਹੁਣ ਤਕ ਪ੍ਰਚੱਲਿਤ ਅਨੇਕਾਂ ਗ਼ਲਤ ਮਿੱਥਾਂ ਦਾ ਅਤੇ ਇਤਿਹਾਸਕਾਰਾਂ ਦੀਆਂ ਆਪਹੁਦਰੀਆਂ ਦਾ ਇਹ ਪੁਸਤਕ ਭੰਜਨ ਕਰਦੀ ਹੈ। ਦੁੱਲੇ ਭੱਟੀ ਦੇ ਪੂਰਵਜਾਂ ਦੀ ਬਹਾਦਰੀ, ਉਸ ਦਾ ਜਨਮ ਉਸ ਦੀ ਨਾਬਰੀ ਦੀ ਗਾਥਾ, ਉਸ ਦੇ ਚਰਿੱਤਰ ਅਤੇ ਲੋਕ ਪੱਖੀ ਸੋਚ ਨੂੰ ਇਹ ਪੁਸਤਕ ਅਗਰਭੂਮੀ ਵਿੱਚ ਲਿਆਉਂਦੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਧਰਮ ਸਿੰਘ ਗੁਰਾਇਆ ਦੀ ਪੰਜਾਬ ਦੇ ਇੱਕ ਹੋਰ ਲੋਕ ਨਾਇਕ ਜੱਗਾ ਡਾਕੂ ਬਾਰੇ ਪੁਸਤਕ 2019 ਵਿਚ ਪ੍ਰਕਾਸ਼ਿਤ ਹੋ ਚੁੱਕੀ ਹੈ।

ਡਾ. ਲਖਵਿੰਦਰ ਸਿੰਘ ਜੌਹਲ ਨੇ ਹਰਦਮ ਮਾਨ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹ 2012 ਤੋਂ ਵੈਨਕੂਵਰ ਕੈਨੇਡਾ ਵਾਸੀ ਹਨ ਅਤੇ ਮੁੱਖ ਤੌਰ ਤੇ ਗ਼ਜ਼ਲਾਂ ਲਿਖਦੇ ਹਨ 'ਸ਼ੀਸ਼ੇ ਦੇ ਅੱਖਰ' ਗਜ਼ਲ ਸੰਗ੍ਰਹਿ ਤੋਂ ਪਹਿਲਾਂ ਉਨ੍ਹਾਂ ਦਾ ਇੱਕ ਹੋਰ ਗ਼ਜ਼ਲ ਸੰਗ੍ਰਹਿ 'ਅੰਬਰਾਂ ਦੀ ਭਾਲ ਵਿਚ' ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਹਰਦਮ ਦੀ ਸ਼ਾਇਰੀ ਲੋਕ ਸਰੋਕਾਰਾਂ ਦੀ ਸ਼ਾਇਰੀ ਹੈ। ਇਸ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਸਮਕਾਲੀ ਮਨੁੱਖ ਦੀਆਂ ਇੱਛਾਵਾਂ ਸੱਧਰਾਂ, ਬੇਵਸੀ, ਪੂੰਜੀ ਕਲਚਰ ਤੇ ਇਸ ਦੇ ਪ੍ਰਭਾਵਾਂ ਨੂੰ ਉਭਾਰਦੀਆਂ ਹਨ। ਸ. ਸੁਰਿੰਦਰ ਸਿੰਘ ਸੁੰਨੜ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਸਮਾਗਮਾਂ ਵਿੱਚ ਆਉਣਾ ਉਨ੍ਹਾਂ ਨੂੰ ਹਮੇਸ਼ਾ ਹੀ ਖ਼ੁਸ਼ੀ ਦਿੰਦਾ ਹੈ ਉਨ੍ਹਾਂ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਵਾਸੀ ਪੰਜਾਬੀ ਲੇਖਕਾਂ ਦੀਆਂ ਸਾਹਿਤਕ ਕਿਰਤਾਂ ਨੂੰ ਵਾਚਣਾ ਪ੍ਰਸ਼ੰਸਾਮਈ ਕਾਰਜ ਹੈ। ਉਨ੍ਹਾਂ ਨੇ ਆਪਣੇ ਪਰਵਾਸੀ ਜੀਵਨ ਦੇ ਕੁਝ ਤਜ਼ਰਬੇ ਵੀ ਸਭ ਨਾਲ ਸਾਂਝੇ ਕੀਤੇ। ਡਾ. ਰਮੇਸ਼ ਕੁਮਾਰ ਨੇ ਇਸ ਮੌਕੇ ਦੱਸਿਆ ਕਿ ਉਹ ਇਸੇ ਹੀ ਕਾਲਜ ਦੇ ਪੁਰਾਣੇ ਵਿਦਿਆਰਥੀ ਹਨ। ਉਨ੍ਹਾਂ ਨੇ ਇਸ ਸੰਸਥਾ ਨਾਲ ਜੁੜੀਆਂ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਉਹਨਾਂ ਨੇ ਦੱਸਿਆ ਕਿ ਵਿਦਿਆਰਥੀ ਜੀਵਨ ਵਿਚ ਉਹ ਡਾ. ਸ. ਪ. ਸਿੰਘ ਦੀ ਪ੍ਰੇਰਨਾ ਨਾਲ ਹੀ ਸਿਰਜਣਾ ਦੇ ਖੇਤਰ ਵਿਚ ਆਏ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਪ੍ਰੋਗਰਾਮ ਦੇ ਅਖੀਰ ਤੇ ਸਭਨਾਂ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਡਾ. ਭੁਪਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਤੇਜਿੰਦਰ ਕੌਰ, ਪ੍ਰੋ. ਆਸ਼ਾ ਰਾਣੀ ਅਤੇ ਰਜਿੰਦਰ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਪਰਵਾਸੀ ਪੁਸਤਕ ਵਿਚਾਰ ਚਰਚਾ




ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਆਰੰਭ ਕੀਤੀ ਪਰਵਾਸੀ ਪੁਸਤਕ ਚਰਚਾ ਲੜੀ ਦੇ ਤਹਿਤ ਅਮਰੀਕਾ ਵੱਸਦੇ ਦੋ ਲੇਖਕਾਂ ਪਰਵੇਜ਼ ਸੰਧੂ ਅਤੇ ਸੁਰਿੰਦਰ ਸਿੰਘ ਸੀਰਤ ਦੇ ਕਹਾਣੀ ਸੰਗ੍ਰਹਿ 'ਬਲੌਰੀ ਅੱਖ ਵਾਲਾ ਮੁੰਡਾ' ਅਤੇ 'ਪੂਰਬ ਪੱਛਮ ਤੇ ਪਰਵਾਸ' ਕਹਾਣੀ ਸੰਗ੍ਰਹਿ 'ਤੇ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ। ਡਾ. ਅਕਾਲ ਅੰਮ੍ਰਿਤ ਕੌਰ ਮੁਖੀ ਪੰਜਾਬੀ ਵਿਭਾਗ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਨੇ ਇਸ ਕਹਾਣੀ ਸੰਗ੍ਰਹਿ ਦੇ ਵਿਭਿੰਨ ਸਰੋਕਾਰਾਂ ਸੰਬੰਧੀ ਚਰਚਾ ਕਰਦਿਆਂ ਕਿਹਾ ਕਿ ਇਹ ਸਮਸਿਆਵਾਂ ਇਕ ਖਿੱਤੇ ਦੀਆਂ ਨਾ ਹੋ ਕੇ ਵਿਸ਼ਵੀ ਸਰੋਕਾਰਾਂ ਵਾਲੀਆਂ ਹਨ। ਡਾ. ਪੁਸ਼ਪਿੰਦਰ ਕੌਰ ਖ਼ਾਲਸਾ ਕਾਲਜ ਪਟਿਆਲਾ ਨੇ ਸੁਰਿੰਦਰ ਸੀਰਤ ਦੇ ਕਹਾਣੀ ਸੰਗ੍ਰਹਿ ਬਾਰੇ ਚਰਚਾ ਕਰਦੇ ਕਿਹਾ ਕਿ ਭਾਰਤ ਤੋਂ ਹਿਜ਼ਰਤ ਕਰਕੇ ਅਮਰੀਕਾ ਗਏ ਪੰਜਾਬੀਆਂ ਨੂੰ ਦਰਪੇਸ਼ ਅਨੇਕਾਂ ਸੰਕਟਾਂ ਤੇ ਉਸ ਮੁਲਕ ਵਿਚ ਉਹਨਾਂ ਵਲੋਂ ਕੀਤੀ ਜਦੋ ਜਹਿਦ ਨੂੰ ਇਹ ਕਹਾਣੀਆਂ ਰੂਪਮਾਨ ਕਰਦੀਆਂ ਹਨ। ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਨੇ ਇਸ ਮੌਕੇ ਪਰਵੇਜ਼ ਸੰਧੂ ਦੇ ਰਚਨਾ ਸੰਸਾਰ ਤੋਂ ਸ੍ਰੋਤਿਆਂ ਨੂੰ ਜਾਣੂ ਕਰਵਾਇਆ। ਉਹਨਾਂ ਨੇ ਕਿਹਾ ਕਿ ਪਰੇਵਜ਼ ਨੇ ਆਪਣੀ ਜ਼ਿੰਦਗੀ ਵਿਚ ਆਈਆਂ ਅਨੇਕਾਂ ਸਮਸਿਆਵਾਂ ਨੂੰ ਤੇ ਖ਼ਾਸ ਕਰਕੇ ਆਪਣੀ ਧੀ ਦੇ ਵਿਛੋੜੇ ਦੇ ਦਰਦ ਨੂੰ ਸ਼ਬਦਾਂ ਰਾਹੀਂ ਠਾਹਰ ਦਿੱਤੀ ਹੈ। ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਐਜੂਕੇਸ਼ਨਲ ਕੌਂਸਲ ਨੇ ਉਹਨਾਂ ਦਾ ਧੰਨਵਾਦ ਕੀਤਾ। ਡਾ. ਤੇਜਿੰਦਰ ਕੌਰ ਨੇ ਇਸ ਵੈਬੀਨਾਰ ਦਾ ਸੰਚਾਲਨ ਕੀਤਾ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

## ਪਰਵਾਸੀ ਪੁਸਤਕ ਵਿਚਾਰ ਚਰਚਾ




ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਵਾਸੀ ਪੁਸਤਕਾਂ ਤੇ ਵਿਚਾਰ ਚਰਚਾ ਹਿੱਤ ਇਕ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵੈਬੀਨਾਰ ਵਿਚ ਰਵਿੰਦਰ ਸਿੰਘ ਸੋਢੀ ਕੈਨੇਡਾ ਵੱਲੋਂ ਸੰਪਾਦਿਤ ਪੁਸਤਕ 'ਪਰਵਾਸੀ ਕਲਮਾਂ' 'ਤੇ ਡਾ. ਅਵਤਾਰ ਐਸ. ਸੰਘਾ ਆਸਟਰੇਲੀਆ ਨੇ ਵਿਚਾਰ ਚਰਚਾ ਕੀਤੀ ਅਤੇ ਅਮਰਜੀਤ ਪੰਨੂ ਕੈਲੇਫੋਰਨੀਆ ਦੇ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ' ਤੇ ਡਾ. ਤੇਜਿੰਦਰ ਕੌਰ ਵਲੋਂ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰ ਪੇਸ਼ ਕੀਤੇ ਗਏ। ਵੈਬੀਨਾਰ ਦੇ ਆਰੰਭ ਵਿੱਚ ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਐਜੂਕੇਸ਼ਨਲ ਕੌਂਸਲ ਨੇ ਸਭ ਨੂੰ ਰਸਮੀ ਤੌਰ 'ਤੇ ਜੀ ਆਇਆਂ ਕਿਹਾ ਅਤੇ ਸੰਖੇਪ ਵਿਚ ਦੋਹਾਂ ਲੇਖਕਾਂ ਦੀ ਜਾਣ ਪਛਾਣ ਸਰੋਤਿਆਂ ਨਾਲ ਕਰਵਾਈ। ਡਾ. ਸੰਘਾ ਨੇ ਦੱਸਿਆ ਕਿ ਪਰਵਾਸੀ ਕਲਮਾਂ ਪੁਸਤਕ ਦੇ ਤਿੰਨ ਭਾਗ ਕਵਿਤਾ, ਕਹਾਣੀ ਅਤੇ ਵਾਰਤਕ ਹਨ ਜੋ ਕਿ ਵੱਖ ਵੱਖ ਦੇਸ਼ਾਂ ਦੇ ਪੰਜਾਬੀ ਲੇਖਕਾਂ ਵੱਲੋਂ ਲਿਖੇ ਗਏ ਹਨ। ਰਵਿੰਦਰ ਸੋਢੀ ਨੇ ਇਸ ਪੁਸਤਕ ਦੀ ਸਿਰਜਣਾ ਦੇ ਤਜ਼ਰਬੇ ਪਾਠਕਾਂ ਨਾਲ ਸਾਂਝੇ ਕੀਤੇ। ਡਾ. ਤੇਜਿੰਦਰ ਕੌਰ ਨੇ ਅਮਰਜੀਤ ਪੰਨੂ ਦੇ ਕਹਾਣੀ ਸੰਗ੍ਰਹਿ ਬਾਰੇ ਕਿਹਾ ਕਿ ਅਮਰੀਕੀ ਕਹਾਣੀ ਵਿਚ ਜਗਜੀਤ ਬਰਾੜ ਤੋਂ ਬਾਅਦ ਅਮਰਜੀਤ ਪੰਨੂ ਚਿੰਨ੍ਹ ਆਤਮਕ ਕਹਾਣੀ ਰਚ ਰਹੀ ਹੈ। ਇਨ੍ਹਾਂ ਕਹਾਣੀਆਂ ਵਿਚ ਪੇਸ਼ ਚਿੰਨ੍ਹਾਤਮਕ ਪਾਤਰ ਅਤੇ ਪ੍ਰਸਥਿਤੀਆਂ ਧਰਮ, ਜਾਤ, ਨਸਲ, ਕੌਮ ਦੀਆਂ ਹੱਦਾਂ ਤੋਂ ਉੱਪਰ ਉੱਠ ਕੇ ਪੇਸ਼ ਕੀਤੇ ਗਏ ਹਨ। ਅਮਰਜੀਤ ਕੌਰ ਪੰਨੂ ਨੇ ਕਿਹਾ ਕਿ ਉਹ ਸਾਇੰਸ ਵਿਸ਼ੇ ਨਾਲ ਜੁੜੀ ਹੋਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਨਾਲ ਅਥਾਹ ਮੁਹਬੱਤ ਰੱਖਦੀ ਹੈ ਅਤੇ ਉਸੇ ਹੀ ਪਿਆਰ ਦਾ ਨਤੀਜਾ ਇਹ ਕਹਾਣੀ ਸੰਗ੍ਰਹਿ ਹੈ। ਵੈਬੀਨਾਰ ਦੇ ਅੰਤ ਤੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ


## ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਮਿੰਟੂ ਬਰਾੜ ਨਾਲ ਰੂ ਬ ਰੂ



ਨਿਸ਼ਚੇ ਤੇ ਸਿਰੜ ਨਾਲ ਹਰ ਚੋਟੀ ਦੀ ਸਿਖ਼ਰ ਤੇ ਪਹੁੰਚਿਆ ਜਾ ਸਕਦਾ ਹੈ। ਇਹ ਵਿਚਾਰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਵਿਖੇ ਪ੍ਰਗਟ ਕਰਦਿਆਂ ਆਸਟਰੇਲੀਆ ਦੇ ਸ਼ਹਿਰ ਐਡੀਲੇਡ 'ਚ ਵੱਸਦੇ ਲੇਖਕ, ਸਫ਼ਲ ਕਿਸਾਨ ਤੇ ਮੀਡੀਆ ਚੈਨਲ 'ਪੇਂਡੂ ਆਸਟਰੇਲੀਆ' ਦੇ ਸੰਚਾਲਕ ਸ. ਗੁਰਸ਼ਮਿੰਦਰ ਸਿੰਘ ਮਿੰਟੂ ਬਰਾੜ ਨੇ ਕਿਹਾ ਕਿ ਹਰਿਆਣਾ ਦੇ ਪਿੰਡ ਮੰਡੀ ਕਾਲਾਂਵਾਲੀ ਤੋਂ ਪੰਦਰਾਂ ਸਾਲ ਪਹਿਲਾਂ ਉਨ੍ਹਾਂ ਆਸਟਰੇਲੀਆ 'ਚ ਪਰਵਾਸ ਕੀਤਾ ਸੀ। ਇਹ ਪੰਦਰਾਂ ਸਾਲ ਉਸ ਲਈ ਸਿਰੜ ਤੇ ਨਿਸ਼ਚੇਧਾਰੀ ਸੇਧ ਦੇ ਸਾਲ ਸਨ, ਜਿੱਥੇ ਰੱਜਵੀਂ ਕਿਰਤ ਦਾ ਪੂਰਾ ਮੁੱਲ ਮਿਲਿਆ। ਉਸ ਕਿਹਾ ਕਿ ਮਿਹਨਤ ਭਾਰਤ 'ਚ ਰਹਿੰਦਿਆਂ ਵੀ ਘੱਟ ਨਹੀਂ ਸੀ ਕੀਤੀ ਪਰ ਇਥੇ ਕਿਰਤ ਦੀ ਬੇਕਦਰੀ ਹੋਣ ਕਾਰਨ ਉਸ ਨੂੰ ਇਹ ਵਤਨ ਛੱਡ ਕੇ ਆਸਟਰੇਲੀਆ ਜਾਣਾ ਪਿਆ। ਉਨ੍ਹਾਂ ਕਿਹਾ ਕਿ ਧਰਤੀ ਦੀ ਉਹੀ ਨੁੱਕਰ ਵਿਕਾਸ ਕਰਦੀ ਹੈ, ਜਿੱਥੇ ਕਿਰਤ ਦਾ ਸਤਿਕਾਰ ਹੋਵੇ ਤੇ ਮਿਹਨਤ ਦਾ ਪੂਰਾ ਮੁੱਲ ਮਿਲੇ। ਭਾਰਤ ਵਿੱਚ ਕਿਰਤ ਰੋਲਣ ਵਾਲਿਆਂ ਨੇ ਹੀ ਸਾਨੂੰ ਬਦੇਸ਼ੀ ਧਰਤੀਆਂ ਵੱਲ ਧੱਕਿਆ ਹੈ। ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀ ਕੋਆਰਡੀਨੇਟਰ ਡਾ. ਤੇਜਿੰਦਰ ਕੌਰ ਨੇ ਸ. ਗੁਰਸ਼ਮਿੰਦਰ ਸਿੰਘ ਬਰਾੜ ਲਈ ਸੁਆਗਤੀ ਸ਼ਬਦ ਆਖਦਿਆਂ ਉਨ੍ਹਾਂ ਦੀ ਸ਼ਬਦ ਸਾਧਨਾ ਬਾਰੇ ਜਾਣਕਾਰੀ ਦਿੱਤੀ।

## ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ

ਪਰਵਾਸੀ ਸਾਹਿੱਤ ਅਧਿਐਨ ਕੇਂਦਰ ਦੇ ਮੁੱਖ ਸਲਾਹਕਾਰ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਗੁਰਸ਼ਮਿੰਦਰ ਸਿੰਘ ਮਿੰਟੂ ਬਰਾੜ ਨੂੰ ਕਰਮਸ਼ੀਲ ਪੱਤਰਕਾਰ ਤੇ ਲੇਖਕ ਵਜੋਂ ਵਡਿਆਉਂਦਿਆਂ ਕਿਹਾ




ਕਿ ਉਨ੍ਹਾਂ ਦੀ ਪੁਸਤਕ 'ਕੈਂਗਰੂਨਾਮਾ' ਦੇ ਹੁਣ ਤੀਕ ਪੰਜ ਸੰਸਕਰਨ ਛਪ ਚੁਕੇ ਹਨ। ਇਹ ਆਪਣੇ ਆਪ ਵਿੱਚ ਵਡਮੁੱਲੀ ਪ੍ਰਾਪਤੀ ਹੈ। ਇਨ੍ਹਾਂ ਦਾ ਯੂ ਟਿਊਬ ਚੈਨਲ 'ਪੇਂਡੂ ਆਸਟਰੇਲੀਆ' ਪੂਰੇ ਗਲੋਬ 'ਤੇ ਵਿਸ਼ੇਸ਼ ਪਛਾਣ ਸਥਾਪਿਤ ਕਰ ਚੁਕਾ ਹੈ। ਹਰਮਨ ਰੇਡੀਉ ਤੇ 'ਪੰਜਾਬੀ ਅਖ਼ਬਾਰ ਰਾਹੀਂ' ਵੀ ਉਹ ਆਸਟਰੇਲੀਅਨ ਜਨ ਜੀਵਨ ਬਾਰੇ ਜਾਣਕਾਰੀ ਪੂਰੇ ਵਿਸ਼ਵ ਨਾਲ ਅਕਸਰ ਸਾਂਝੀ ਕਰਦੇ ਆ ਰਹੇ ਹਨ। ਮਿੰਟੂ ਬਰਾੜ ਦੀ ਜ਼ਿੰਦਗੀ ਤੇ ਸਾਹਿੱਤ ਸਾਧਨਾ ਬਾਰੇ ਸੁਖਪ੍ਰੀਤ ਸਿੰਘ ਆਰਟਿਸਟ, ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ, ਜੀ. ਜੀ. ਐੱਨ. ਆਈ. ਐੱਮ. ਟੀ. ਤੇ ਹਰਿਆਣਾ ਤੋਂ ਆਏ ਸਿਰਕੱਢ ਪੱਤਰਕਾਰ ਭੁਪਿੰਦਰ ਪੰਨੀਵਾਲੀਆ ਨੇ ਵੀ ਵਿਚਾਰ ਪ੍ਰਗਟ ਕੀਤੇ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ. ਸ. ਪ. ਸਿੰਘ ਨੇ ਗੁਰਸ਼ਮਿੰਦਰ ਸਿੰਘ ਮਿੰਟੂ ਬਰਾੜ ਨੂੰ ਕਾਲਜ ਪਧਾਰਨ ਤੇ ਫੁਲਕਾਰੀ ਪਹਿਨਾ ਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਮਿੰਟੂ ਬਰਾੜ ਦੀ ਵਾਰਤਕ ਪੁਸਤਕ 'ਕੈਂਗਰੂਨਾਮਾ' ਦਾ ਸੱਜਰਾ ਸੰਸਕਰਨ ਵੀ ਇਸ ਮੌਕੇ ਲੋਕ ਅਰਪਨ ਕੀਤਾ। ਕਾਲਿਜ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਧੰਨਵਾਦ ਦੇ ਸ਼ਬਦ ਕਹੇ। ਇਸ ਮੌਕੇ ਡਾ. ਭੁਪਿੰਦਰ ਸਿੰਘ ਮੁਖੀ ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਡਾ. ਗੁਰਪ੍ਰੀਤ ਸਿੰਘ, ਡਾ. ਸ਼ਰਨਜੀਤ ਕੌਰ, ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ, ਰਾਜਿੰਦਰ ਸਿੰਘ ਸਹਿ ਸੰਪਾਦਕ ਪਰਵਾਸ ਤੇ ਕਈ ਹੋਰ ਪ੍ਰਮੁਖ ਸ਼ਖ਼ਸੀਅਤਾਂ ਹਾਜ਼ਰ ਸਨ।

# ਸਰਗਰਮੀਆਂ... ਪਰਵਾਸੀ ਸਾਹਿਤ ਅਧਿਐਨ ਕੇਂਦਰ


## ਯੂਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਮੇਤਾ ਸਿੰਘ ਸਰਾਏ ਦਾ ਸਨਮਾਨ



ਲੋਕ ਮੰਚ ਪੰਜਾਬ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਲੁਧਿਆਣਾ ਦੇ ਸਹਿਯੋਗ ਨਾਲ ਯੂਰਪੀ ਪੰਜਾਬੀ ਸੱਥ ਯੂਕੇ ਦੇ ਸੰਚਾਲਕ ਮੋਤਾ ਸਿੰਘ ਸਰਾਏ ਨੂੰ ਪੰਜਾਬ ਦਾ ਮਾਣ ਪੁਰਸਕਾਰ ਵਿੱਚ ਇਕਵੰਜਾ ਹਜ਼ਾਰ ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪੁਸਤਕ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਦਿੱਤਾ ਗਿਆ। ਡਾ. ਸ. ਪ. ਸਿੰਘ ਨੇ ਸਭ ਨੂੰ ਰਸਮੀ ਤੌਰ ’ਤੇ ਜੀ ਆਇਆਂ ਕਹਿੰਦਿਆਂ ਕਿਹਾ ਕਿ ਅੱਜ ਸਾਡੇ ਲਈ ਖੁਸ਼ੀ ਵਾਲੀ ਗੱਲ ਹੈ ਕਿ ਲੋਕ ਮੰਚ ਪੰਜਾਬ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਮੁਦਈ ਸ. ਮੋਤਾ ਸਿੰਘ ਸਰਾਏ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਸ. ਮੋਤਾ ਸਿੰਘ ਦੀ ਜਾਣ ਪਛਾਣ ਕਰਵਾਉਂਦਿਆਂ ਹੋਇਆ ਉਨ੍ਹਾਂ ਨੇ ਕਿਹਾ ਕਿ ਪੇਸ਼ੇ ਵਜੋਂ ਭਾਵੇਂ ਉੱਥੇ ਵਿੱਤੀ ਸਲਾਹਕਾਰ ਹਨ ਪਰ ਪੰਜਾਬੀ ਕਿਤਾਬਾਂ ਪ੍ਰਤੀ ਮੋਹ ਇਸ ਗੱਲ ਤੋਂ ਝਲਕਦਾ ਹੈ ਕਿ ਉਹ ਹੁਣ ਤੱਕ ਸਤਾਰਾਂ ਕਰੋੜ ਰੁਪਏ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਵਾ ਕੇ ਪਾਠਕਾਂ ਤੱਕ ਪੁੱਜਦਾ ਕਰ ਚੁੱਕੇ ਹਨ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਇਸ ਮੌਕੇ ਕਿਹਾ ਕਿ ਪੁਸਤਕ ਸੱਭਿਆਚਾਰ ਨੂੰ ਅਥਾਹ ਮੁਹੱਬਤ ਕਰਨ ਵਾਲੇ ਮੋਤਾ ਸਿੰਘ ਸਰਾਏ ਨੇ ਯੂਰਪ ਵਿੱਚ ਵਸੇ ਪੰਜਾਬੀ ਸਾਹਿਤਕਾਰਾਂ ਤੇ ਪਾਠਕਾਂ ਨੂੰ ਜੋੜ ਕੇ ਇਕ ਕਾਫ਼ਲਾ ਤਿਆਰ ਕੀਤਾ ਹੈ। ਆਸਟ੍ਰੇਲੀਆ ਕੈਨੇਡਾ ਅਮਰੀਕਾ ਅਤੇ ਖਾੜੀ ਦੇਸ਼ਾਂ ਵਿੱਚ ਵੀ ਯੂਰਪੀ ਪੰਜਾਬੀ ਸੱਥ ਦੀਆਂ 43 ਇਕਾਈਆਂ ਸਥਾਪਤ ਕੀਤੀਆਂ ਹਨ। ਡਾ. ਲਖਵਿੰਦਰ ਸਿੰਘ ਜੌਹਲ ਚੇਅਰਮੈਨ ਪੰਜਾਬੀ ਲੋਕ ਮੰਚ ਨੇ ਦੱਸਿਆ ਕਿ ਸ. ਮੋਤਾ ਸਿੰਘ ਸਰਾਏ ਜਲੰਧਰ ਦੇ ਇਕ ਛੋਟੇ ਜਿਹੇ ਪਿੰਡ ਦੇ ਜੰਮਪਲ ਹਨ। ਲਾਇਲਪੁਰ ਖਾਲਸਾ

ਕਾਲਜ ਜਲੰਧਰ ’ਚ ਆਪਣੀ ਮਾਸਟਰ ਡਿਗਰੀ ਕਰਨ ਉਪਰੰਤ ਉਹ ਲੰਦਨ ਉਚੇਰੀ ਵਿੱਦਿਆ ਦੇ ਲਈ ਚੱਲੇ ਗਈਅਤੇ ਇਸੇ ਧਰਤੀ ਨੂੰ ਉਹਨਾਂ ਨੇ ਆਪਣੀ ਕਰਮ ਭੂਮੀ ਚੁਣਿਆ। ਲੋਕ ਮੰਚ ਪੰਜਾਬ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਸੁੱਨੜ ਯੂ. ਐੱਸ. ਏ. ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਮੋਤਾ ਸਿੰਘ ਸਰਾਏ ਨੇ ਹੁਣ ਤੱਕ ਉਹ ਮੁੱਲਵਾਨ ਪੁਸਤਕਾਂ ਛਪਵਾਈਆਂ ਹਨ ਜਿਹੜੀਆਂ ਪੈਸੇ ਦੀ ਥੁੜ ਕਾਰਨ ਹੁਣ ਤੱਕ ਪਾਠਕਾਂ ਤੱਕ ਪਹੁੰਚ ਹੀ ਨਹੀਂ ਸਨ ਸਕੀਆਂ। ਸ਼੍ਰੋਮਣੀ ਪੰਜਾਬੀ ਕਵੀ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਬੁੱਟਰ ਨੇ ਇਸ ਸਮੇਂ ਕਿਹਾ ਕਿ ਸ. ਮੋਤਾ ਸਿੰਘ ਸਰਾਏ ਨੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹ ਵੇਂ ਪ੍ਰਕਾਸ਼ ਪੁਰਬ ਤੇ ਯੂਕੇ ਤੋਂ ਖਾਸ ਤੌਰ ਇੱਥੇ ਪਹੁੰਚ ਕੇ ਪੰਦਰਾਂ ਹਜ਼ਾਰ ਕਿਤਾਬਾਂ ਆਪਣੇ ਹੱਥੀਂ ਵੰਡੀਆਂ। ਸ. ਮੋਤਾ ਸਿੰਘ ਸਰਾਏ ਨੇ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕਰਦੇ ਹੋਏ ਕਿਹਾ ਕਿ ਪੰਜਾਬੀਆਂ ਕੋਲ ਸਾਹਿਤਿਕ ਅਮੀਰੀ ਅਤੇ ਵਿਰਸਾ ਹੈ ਪਰ ਅਸੀਂ ਅਜੇ ਤਕ ਇਸ ਨੂੰ ਸੰਭਾਲਣ ਦੇ ਵਿੱਚ ਨਾਕਾਮਯਾਬ ਹੋਏ ਹਾਂ ਉਨ੍ਹਾਂ ਕਿਹਾ ਕਿ ਬਾਬਾ ਫ਼ਰੀਦ ਕੁੱਲ ਲੁਕਾਈ ਦਾ ਪਹਿਲਾ ਕਵੀ ਹੈ ਪਰ ਅਸੀਂ ਇਹ ਗੱਲ ਵਿਸ਼ਵ ਪੱਧਰ ਤੱਕ ਵੀ ਪਹੁੰਚਾਉਣ ਵਿੱਚ ਅਸਫ਼ਲ ਰਹੇ ਹਾਂ ਉਨ੍ਹਾਂ ਨੇ ਕਿਹਾ ਕਿ ਪੰਜਾਬੀ ਸੱਥ ਯੂ. ਕੇ. ਦਾ ਮੁੱਖ ਉਦੇਸ਼ ਇਹ ਹੈ ਕਿ ਜਿਹਨਾਂ ਲਿਖਤਾਂ ਤੇ ਅਜੇ ਤੱਕ ਕੋਈ ਖੋਜ ਨਹੀਂ ਹੋਈ ਜਾਂ ਕਿਸੇ ਕਾਰਨ ਮਹੱਤਵਪੂਰਨ ਲਿਖਤਾਂ ਅਣਪ੍ਰਕਾਸ਼ਿਤ ਰਹੀਆਂ ਹਨ ਉਨ੍ਹਾਂ ਨੂੰ ਪ੍ਰਕਾਸ਼ਿਤ ਕਰ ਕੇ ਪਾਠਕਾਂ ਤੱਕ ਪੁੱਜਦਾ ਕੀਤਾ ਜਾਵੇ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਜੀ ਨੇ ਪ੍ਰੋਗਰਾਮ ਦੇ ਅਖੀਰ ਤੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ ਇਸ ਮੌਕੇ ਡਾ. ਗੁਰਚਰਨ ਕੌਰ ਕੋਚਰ, ਡਾ ਗੁਰਇਕਬਾਲ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਸ਼ਾਇਰ ਤਰਲੋਚਨ ਲੋਚੀ, ਬੁੱਧ ਸਿੰਘ ਨੀਲੋਂ, ਸ. ਹਰਸ਼ਰਨ ਸਿੰਘ ਨਰੂਲਾ ਅਤੇ ਸ. ਹਰਸ਼ਰਨ ਸਿੰਘ ਨਰੂਲਾ ਮੈਂਬਰ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਪ੍ਰੋ. ਮਨਜੀਤ ਸਿੰਘ ਛਾਬੜਾ, ਡਾ. ਭੁਪਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਰਹੇ ਇਸ ਮੌਕੇ ਸ. ਗੁਰਬਚਨ ਸਿੰਘ ਜਗਪਾਲ ਆਸਟਰੇਲੀਆ, ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ, ਡਾ. ਤੇਜਿੰਦਰ ਕੌਰ, ਸੁਰਜੀਤ ਭਗਤ, ਸ਼ਾਇਰ ਬਲਵਿੰਦਰ ਸੰਧੂ ਪਟਿਆਲਾ, ਡਾ. ਰਾਮ ਮੂਰਤੀ, ਮਨਦੀਪ ਕੌਰ ਭੰਮਰਾ, ਸੁਰਿੰਦਰਜੀਤ ਚੌਹਾਨ, ਕੁਲਵਿੰਦਰ ਸਿੰਘ ਸਰਾਏ ਜ਼ਿਲਾ ਸਿੱਖਿਆ ਅਫ਼ਸਰ ਨਵਾਂ ਸ਼ਹਿਰ, ਅਤੇ ਕਈ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਭਾਈ ਵੀਰ ਸਿੰਘ ਦੀ ਬਰਸੀ ਨੂੰ ਸਮਰਪਿਤ ਵੈਬੀਨਾਰ




ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਭਾਈ ਵੀਰ ਸਿੰਘ ਦੀ 65ਵੀਂ ਬਰਸੀ ਨੂੰ ਸਮਰਪਿਤ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਜਿਸਦਾ ਸੰਚਾਲਨ ਕਰਦਿਆਂ ਪ੍ਰੋ. ਸ਼ਰਨਜੀਤ ਕੌਰ ਨੇ ਸਭ ਤੋਂ ਪਹਿਲਾਂ ਡਾ. ਸੁਰਜੀਤ ਭੱਟੀ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਭਾਈ ਵੀਰ ਸਾਹਿਤ ਸਿਰਜਣਾ ਬਾਰੇ ਵਿਚਾਰ ਚਰਚਾ ਕਰਨ ਦਾ ਸੱਦਾ ਦਿੱਤਾ। ਉਹਨਾਂ ਨੇ ਭਾਈ ਵੀਰ ਸਿੰਘ ਦੇ ਪੂਰਵਕਾਲ, ਸਮਕਾਲ ਅਤੇ ਉਹਨਾਂ ਦੇ ਸਾਹਿਤ ਸਿਰਜਣਾ ਦੇ ਉੱਤਰਕਾਲੀ ਪ੍ਰਭਾਵਾਂ ਨੂੰ ਵੀ ਵਿਚਾਰ ਚਰਚਾ ਅਧੀਨ ਲਿਆਂਦਾ। ਉਹਨਾਂ ਨੇ ਕਿਹਾ ਕਿ ਭਾਈ ਵੀਰ ਸਿੰਘ ਸਾਹਿਤ ਸਿਰਜਣਾ ਨੂੰ ਨਵੇਂ ਸਿਰਿਉਂ ਅਧਿਐਨ ਵਿਸ਼ਲੇਸ਼ਣ ਦਾ ਅੰਗ ਬਨਾਉਣ ਦੀ ਲੋੜ ਹੈ। ਇਸ ਮੌਕੇ ਡਾ. ਕੰਵਲਜੀਤ ਸਿੰਘ ਪ੍ਰਿੰਸੀਪਲ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਨੇ ਡਾ. ਹਰਚੰਦ ਸਿੰਘ ਬੇਦੀ ਵੱਲੋਂ ਸੰਪਾਦਿਤ ਪੁਸਤਕਾਂ ਭਾਈ ਵੀਰ ਸਿੰਘ ਸਾਹਿਤ ਵਰਤਮਾਨ ਪ੍ਰਸੰਗਿਕਤਾ, ਭਾਈ ਵੀਰ ਸਿੰਘ ਸਾਹਿਤ ਚਿੰਤਨ ਤੇ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਭਾਈ ਵੀਰ ਸਿੰਘ ਖੋਜ ਕੇਂਦਰ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਡਾਇਰੈਕਟਰ ਰਹਿੰਦਿਆਂ ਡਾ. ਬੇਦੀ ਨੇ ਤਿੰਨ ਰਾਸ਼ਟਰੀ ਸੈਮੀਨਾਰਾਂ ਦਾ ਆਯੋਜਨ ਕਰਵਾਇਆ ਅਤੇ ਸੱਤ ਕਿਤਾਬਾਂ ਸੰਪਾਦਿਤ ਕਰਵਾਈਆਂ ਜਿਨ੍ਹਾਂ ਵਿਚੋਂ ਪੰਜ ਡਾ. ਬੇਦੀ ਵੱਲੋਂ ਅਤੇ ਦੋ ਡਾ. ਸ. ਪ. ਸਿੰਘ ਵਲੋਂ ਸੰਪਾਦਿਤ ਕੀਤੀਆਂ ਗਈਆਂ। ਡਾ. ਤੇਜਿੰਦਰ ਕੌਰ ਨੇ ਡਾ. ਹਰਚੰਦ ਸਿੰਘ ਬੇਦੀ ਵਲੋਂ ਰਚਿਤ ਭਾਈ ਵੀਰ ਸਿੰਘ ਵਿਸ਼ਵ ਕੋਸ਼ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਕਿਹਾ ਕਿ ਡਾ. ਬੇਦੀ ਨੇ ਨੌ ਸਾਲ ਦੀ ਘਾਲਣਾ ਘਾਲ ਕੇ ਇਹ ਕੋਸ਼ ਤਿਆਰ ਕੀਤੇ ਹਨ। ਤਿੰਨ ਭਾਗਾਂ ਵਿਚ ਪ੍ਰਕਾਸ਼ਿਤ ਇਹਨਾਂ ਕੋਸ਼ਾਂ ਵਿਚ ਭਾਈ ਵੀਰ ਸਿੰਘ ਦੇ ਜੀਵਨ, ਸਾਹਿਤ, ਆਰਥਿਕ, ਸਮਾਜਿਕ ਖੇਤਰ ਵਿਚ ਕੀਤੇ ਕੰਮ ਉਹਨਾਂ ਦੇ ਆਪਣੇ ਸਮਕਾਲੀਆਂ ਨਾਲ ਸੰਬੰਧ, ਉਤਰਕਾਲੀ ਸਾਹਿਤ ਤੇ ਇਸਦਾ ਪ੍ਰਭਾਵ ਭਾਵ ਹਰ ਇੰਦਰਾਜ ਜਾਣਕਾਰੀ ਭਰਪੂਰ ਹੈ। ਵੈਬੀਨਾਰ ਦੇ ਅੰਤ ਤੇ ਕਾਲਜ ਦੇ ਪ੍ਰਿੰਸੀਪਲ ਨੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ।

## ਸਰਗਰਮੀਆਂ... ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

# ਰਾਵੀ ਪਾਰ ਦੀ ਸ਼ਾਇਰੀ ਦਾ ਆਯੋਜਨ




ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਰਾਵੀ ਪਾਰ ਦੀ ਸ਼ਾਇਰੀ ਸਿਰਲੇਖ ਅਧੀਨ ਲਹਿੰਦੇ ਪੰਜਾਬ ਦੇ ਕਵੀਆਂ ਦਾ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਲਹਿੰਦੇ ਪੰਜਾਬ ਦੇ ਅਵਾਮੀ ਸ਼ਾਇਰ ਬਾਬਾ ਨਜਮੀ ਵੱਲੋਂ ਕੀਤੀ ਗਈ ਅਤੇ ਉਦਘਾਟਨੀ ਭਾਸ਼ਨ ਲਈ ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ ਅਤੇ ਡਾ. ਕਲਿਆਣ ਸਿੰਘ ਅਸਿਸਟੈਂਟ ਪ੍ਰੋਫ਼ੈਸਰ ਸਰਕਾਰੀ ਕਾਲਜ ਯੂਨੀਵਰਸਿਟੀ ਲਾਹੌਰ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਵੈਬੀਨਾਰ ਦੇ ਆਰੰਭ ਵਿਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਲੁਧਿਆਣਾ ਨੇ ਸਭ ਨੂੰ ਰਸਮੀ ਤੌਰ 'ਤੇ ਜੀ ਆਇਆਂ ਕਿਹਾ ਅਤੇ ਉਹਨਾਂ ਨੇ ਦੱਸਿਆ ਕਿ ਸਾਡੀ ਇਸ ਸੰਸਥਾ ਦੀ ਜੜ੍ਹ ਗੁਜਰਾਂਵਾਲਾ ਵਿੱਚ ਲੱਗੀ ਅਤੇ ਵੰਡ ਉਪਰੰਤ 1953 ਵਿਚ ਕਾਲਜ ਨੂੰ ਲੁਧਿਆਣੇ ਪੁਨਰ ਸਥਾਪਿਤ ਕੀਤਾ ਗਿਆ। ਉਹਨਾਂ ਨੇ ਦੱਸਿਆ ਕਿ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਸਭ ਮੈਂਬਰਾਂ ਦਾ ਪਿਛੋਕੜ ਗੁਜਰਾਂਵਾਲਾ ਨਾਲ ਸੰਬੰਧਤ ਹੈ। ਕੌਂਸਲ ਅਧੀਨ ਚਲ ਰਹੀਆਂ ਪੰਜ ਸੰਸਥਾਵਾਂ ਦੇ ਅਧਿਆਪਕ ਤੇ ਹੋਰ ਕਰਮਚਾਰੀ ਅਗਲੇ ਸਾਲ ਗੁਜਰਾਂਵਾਲਾ ਦੀ ਯਾਤਰਾ ਕਰਨਗੇ। ਪ੍ਰੋ. ਗੁਰਭਜਨ ਗਿੱਲ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਇਨ੍ਹਾਂ ਦੋਵਾਂ ਮੁਲਕਾਂ ਦੀ ਜਜ਼ਬਾਤੀ ਸਾਂਝ ਦੀ ਗੱਲ ਕਰਦੇ ਹੋਏ ਕਿਹਾ ਕਿ ਸਾਡੀ ਜ਼ੁਬਾਨ, ਲੋਕ ਸਾਹਿਤ, ਖ਼ੁਸ਼ੀ ਗਮੀ ਦੇ ਗੀਤ, ਦੁੱਖ-ਸੁੱਖ ਸਭ ਸਾਂਝੇ ਹਨ। ਉਹਨਾਂ ਨੇ ਗੁਜਰਾਂਵਾਲਾ ਦੀ ਧਰਤੀ ਤੇ ਪੈਦਾ ਹੋਏ ਪੰਜਾਬੀ

ਦੇ ਮਹਾਨ ਸ਼ਾਇਰ, ਨਾਇਕ-ਨਾਇਕਾਵਾਂ ਦੇ ਹਵਾਲੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਡਾ. ਜਗਤਾਰ ਨੇ ਲਹਿੰਦੇ ਪੰਜਾਬ ਦੀ ਸ਼ਾਇਰੀ ਨੂੰ 'ਦੁੱਖ ਦਰਿਆਉਂ ਪਾਰ ਦੇ' ਸਿਰਲੇਖ ਅਧੀਨ ਸੰਪਾਦਿਤ ਕੀਤਾ ਸੀ। ਇਸ ਵੈਬੀਨਾਰ ਵਿਚ ਡਾ. ਕਲਿਆਣ ਸਿੰਘ ਨੇ ਆਪਣਾ ਵਿਸ਼ੇਸ਼ ਭਾਸ਼ਣ ਦਿੰਦੇ ਹੋਏ ਕਿਹਾ ਕਿ ਗੁਜਰਾਂਵਾਲਾ ਦੀ ਧਰਤੀ 'ਤੇ ਜਿੱਥੇ ਇਹ ਕਾਲਜ ਸਥਾਪਿਤ ਹੋਇਆ ਉੱਥੇ ਅੱਜਕੱਲ੍ਹ ਸਰਕਾਰੀ ਇਸਲਾਮੀਆ ਕਾਲਜ ਚੱਲ ਰਿਹਾ ਹੈ ਉਹਨਾਂ ਨੇ ਉੱਥੇ ਪੰਜ ਸਾਲ ਅਧਿਆਪਨ ਦਾ ਕਾਰਜ ਵੀ ਕੀਤਾ ਹੈ। ਉਹਨਾਂ ਨੇ ਦੱਸਿਆ ਕਿ ਇਸ ਕਾਲਜ ਨੇ ਪੰਜਾਬੀ ਦੇ ਮਹਾਨ ਸਾਹਿਤਕਾਰ ਪ੍ਰਿੰਸੀਪਲ ਸਾਹਿਬ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਨਾਲ ਸੰਬੰਧਤ ਤੇ ਹੋਰ ਕਈ ਪੁਰਾਣੀਆਂ ਯਾਦਾਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਬਾਬਾ ਨਜ਼ਮੀ ਨੇ ਆਪਣਾ ਪ੍ਰਧਾਨਗੀ ਭਾਸ਼ਣ ਸਾਂਝਾ ਕਰਦੇ ਹੋਏ ਕਾਲਜ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਵਧਾਈ ਦਿੱਤੀ। ਉਹਨਾਂ ਨੇ ਮਾਂ ਬੋਲੀ ਦੀ ਮਹੱਤਤਾ ਅਤੇ ਸਮਾਜਿਕ ਨਾਬਰਾਬਰੀ ਨਾਲ ਲਬਰੇਜ਼ ਆਪਣੀਆਂ ਨਜ਼ਮਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਤੋਂ ਬਾਅਦ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਲਹਿੰਦੇ ਪੰਜਾਬ ਦੇ ਨਾਮਵਰ ਸ਼ਾਇਰ ਅੰਜੁਮ ਸਲੀਮੀ, ਅਫ਼ਜ਼ਲ ਸਾਹਿਰ, ਸਾਬਰ ਅਲੀ ਸਾਬਰ, ਤਾਹਿਰਾ ਸਰਾ,ਇਰਸ਼ਾਦ ਸੰਧੂ, ਨਦੀਮ ਅਫ਼ਜ਼ਲ, ਇਮਰਾਨ ਹਾਸ਼ਮੀ, ਸਫ਼ੀਆ ਹਯਾਤ, ਸਾਨੀਆ ਸ਼ੇਖ਼, ਵਹੀਦ ਰਜ਼ਾ ਨਿਮੰਤਰਿਤ ਸਨ।ਇਸ ਸਾਰੇ ਕਵੀ ਦਰਬਾਰ ਦਾ ਸੰਚਾਲਨ ਪ੍ਰੋ ਸ਼ਰਨਜੀਤ ਕੌਰ ਨੇ ਬਖ਼ੂਬੀ ਕੀਤਾ। ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ ਅਤੇ ਡਾ. ਤਜਿੰਦਰ ਕੌਰ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਅਧਿਆਪਕ ਵੀ ਇਸ ਕਵੀ ਦਰਬਾਰ ਵਿਚ ਹਾਜ਼ਰ ਸਨ। ਪਾਕਿਸਤਾਨ ਤੋਂ ਭੁਲੇਖਾ ਅਖ਼ਬਾਰ ਦੇ ਸੰਪਾਦਕ ਮੁਦੱਸਰ ਅਹਿਮਦ ਬੱਟ ਸੰਚਾਲਕ ਗੁਰੂ ਨਾਨਕ ਵਿਹੜਾ ਤੇ ਬਾਬਾ ਫ਼ਰੀਦ ਬੁੱਕ ਫਾਉਂਡੇਸ਼ਨ ਲਾਹੌਰ, ਕੈਨੇਡਾ ਤੋਂ ਪ੍ਰੋ. ਜਗੀਰ ਸਿੰਘ ਕਾਹਲੋਂ, ਯੂਕੇ ਤੋਂ ਡਾ. ਦਵਿੰਦਰ ਕੌਰ, ਕੁਲਵੰਤ ਕੌਰ ਢਿੱਲੋਂ ਤੇ ਗੁਰਮੇਲ ਕੌਰ ਸੰਘਾ, ਲੁਧਿਆਣਾ ਤੋਂ ਸਰਦਾਰਨੀ ਜਸਵਿੰਦਰ ਕੌਰ ਗਿੱਲ, ਤ੍ਰੈਲੋਚਨ ਲੋਚੀ, ਪ੍ਰੋ. ਜਸਵਿੰਦਰ ਕੌਰ ਪਟਿਆਲਾ ਤੋਂ ਹਰਪ੍ਰੀਤ ਕੌਰ, ਜਲੰਧਰ ਤੋਂ ਡਾ. ਸੁਰਿੰਦਰ ਕੌਰ ਨਰੂਲਾ ਆਦਿ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।

# ਡਾ. ਹਰਚੰਦ ਸਿੰਘ ਬੇਦੀ ਦੀ ਬਰਸੀ ਮੌਕੇ ਉਹਨਾਂ ਵਲੋਂ ਰਚਿਤ ਵਿਸ਼ਵ ਕੋਸ਼ ਭਾਈ ਵੀਰ ਸਿੰਘ ਰਿਲੀਜ਼



ਡਾ. ਹਰਚੰਦ ਸਿੰਘ ਬੇਦੀ ਦੀ ਪਹਿਲੀ ਬਰਸੀ ਮੌਕੇ ਨਾਟਸ਼ਾਲਾ ਅੰਮ੍ਰਿਤਸਰ ਵਿਖੇ ਉਨ੍ਹਾਂ ਵੱਲੋਂ ਰਚਿਤ ਅਤੇ ਬਿਬੇਕਗੜ੍ਹ ਪ੍ਰਕਾਸ਼ਨ ਸ੍ਰੀ ਆਨੰਦਪੁਰ ਸਾਹਿਬ ਵੱਲੋਂ ਪ੍ਰਕਾਸ਼ਿਤ, 'ਵਿਸ਼ਵਕੋਸ਼ ਭਾਈ ਵੀਰ ਸਿੰਘ' ਦਾ ਰਿਲੀਜ਼ ਸਮਾਰੋਹ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਸ. ਪ. ਸਿੰਘ ਤੇ ਪ੍ਰੋ. ਜਸਪਾਲ ਸਿੰਘ ਸੰਧੂ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪ੍ਰੋ. ਸਰਬਜੋਤ ਸਿੰਘ ਬਹਿਲ ਡੀਨ ਅਕਾਦਮਿਕ ਮਾਮਲੇ, ਡਾ. ਆਤਮ ਸਿੰਘ ਰੰਧਾਵਾ, ਮੁਖੀ ਪੰਜਾਬੀ ਵਿਭਾਗ ਖ਼ਾਲਸਾ ਕਾਲਜ ਅਤੇ ਸਰਦਾਰਨੀ ਸਤਵੰਤ ਕੌਰ ਬੇਦੀ ਸ਼ਾਮਲ ਹੋਏ। ਆਪਣੇ ਮੁੱਖ ਭਾਸ਼ਣ ਵਿਚ ਪ੍ਰੋ. ਆਤਮ ਸਿੰਘ ਰੰਧਾਵਾ ਨੇ ਕਿਹਾ ਡਾ. ਹਰਚੰਦ ਸਿੰਘ ਬੇਦੀ ਵਲੋਂ ਰਚਿਤ ਵਿਸ਼ਵ ਕੋਸ਼ ਪੰਜਾਬੀ ਸਾਹਿਤ ਦੀ ਸਿਰਜਣਧਾਰਾ ਵਿੱਚ ਕਿਸੇ ਸਾਹਿਤਕਾਰ ਬਾਬਤ ਪਹਿਲਾ ਕੋਸ਼ ਹੈ ਜਿਸ ਵਿੱਚ ਭਾਈ ਵੀਰ ਸਿੰਘ ਦੇ ਜੀਵਨ ਕਾਲ ਦੇ ਵੇਰਵਿਆਂ ਨੂੰ ਪੂਰਵ-ਕਾਲ ਤੋਂ ਸਮਕਾਲ ਤੇ ਸਮਕਾਲ ਤੋਂ ਉੱਤਰਕਾਲ ਤੱਕ ਹੋਏ ਕੰਮਾਂ ਦੇ ਵੇਰਵੇ ਵਿਸਤਾਰ ਸਹਿਤ ਦਰਜ ਹਨ। ਢਾਈ ਹਜ਼ਾਰ ਪੰਨਿਆਂ ਦੇ ਇਸ ਕੋਸ਼ ਨੂੰ ਤਿੰਨ ਭਾਗਾਂ ਵਿਚ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਮੌਕੇ ਬੋਲਦਿਆਂ ਪ੍ਰੋ. ਸਰਬਜੋਤ ਸਿੰਘ ਬਹਿਲ ਨੇ ਕਿਹਾ ਕਿ ਡਾ. ਬੇਦੀ ਦੀ ਇਸ ਸਾਹਿਤਕ ਪ੍ਰਾਪਤੀ ਨੂੰ ਸਦਾ ਯਾਦ ਰੱਖਿਆ ਜਾਵੇਗਾ। ਡਾ. ਸ. ਪ. ਸਿੰਘ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਡਾ. ਹਰਚੰਦ ਸਿੰਘ ਬੇਦੀ ਮੇਰਾ ਵਿਦਿਆਰਥੀ ਸੀ। ਉਸਦਾ ਪਰਵਾਸੀ ਸਾਹਿਤ ਨੂੰ ਇੱਕ ਅਨੁਸ਼ਾਸਨ ਵਜੋਂ ਸਥਾਪਿਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਹੈ। ਅੱਜ ਸੰਸਾਰ ਪੱਧਰ ਤੇ ਪਰਵਾਸੀ ਸਾਹਿਤ ਦੀ ਸਥਾਪਨਾ ਲਈ ਡਾ. ਬੇਦੀ ਦੀ ਮਿਹਨਤ ਰੰਗ ਲਿਆਈ ਹੈ। ਭਾਈ ਵੀਰ ਸਿੰਘ ਬਾਰੇ ਕੀਤਾ ਗਿਆ ਇਹ ਕਾਰਜ ਹਮੇਸ਼ਾ ਯਾਦ ਕੀਤਾ ਜਾਵੇਗਾ। ਇਸ ਮੌਕੇ ਡਾ. ਹਰਚੰਦ ਸਿੰਘ ਬੇਦੀ ਨੂੰ ਉਨ੍ਹਾਂ ਨੇ ਡਾ. ਗੁਰਉਪਦੇਸ਼ ਸਿੰਘ, ਕਰਨਲ ਸੰਤੋਖ ਸਿੰਘ ਭੱਟੀ, ਡਾ. ਇੰਦਰਾ ਵਿਰਕ ਅਤੇ ਡਾ. ਤੇਜਿੰਦਰ ਕੌਰ ਨੇ ਭਾਵਪੂਰਤ ਤਰੀਕੇ ਨਾਲ ਯਾਦ ਕੀਤਾ।

## ਡਾ. ਹਰਭਜਨ ਸਿੰਘ ਭਾਟੀਆ ਨੂੰ ਛੇਵਾਂ ਇਪਸਾ ਪੁਰਸਕਾਰ




ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਬ੍ਰਿਸਬੇਨ ਵਿਖੇ ਛੇਵੇਂ ਭਾਰਤੀ ਸਾਹਿਤ ਉਤਸਵ ਦੌਰਾਨ ਡਾ. ਹਰਭਜਨ ਸਿੰਘ ਭਾਟੀਆ ਨੂੰ ਛੇਵੇਂ ਇਪਸਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਪਸਾ ਵੱਲੋਂ ਜੀਵਨ ਭਰ ਦੀਆਂ ਪ੍ਰਾਪਤੀਆਂ ਅਤੇ ਸਾਹਿਤਕ ਯੋਗਦਾਨ ਲਈ ਦਿੱਤਾ ਜਾਣ ਵਾਲਾ ਇਹ ਸਾਲਾਨਾ ਪੁਰਸਕਾਰ ਹੈ। ਡਾ. ਭਾਟੀਆ ਨੇ 42 ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਇਕ ਅਧਿਆਪਕ ਵਜੋਂ ਬਿਤਾਏ, ਅਧਿਆਪਨ ਦਾ ਇਹ ਸਫ਼ਰ ਸਿਰਫ਼ ਨਿੱਜੀ ਪ੍ਰਾਪਤੀਆਂ, ਅਧਿਐਨ ਜਾਂ ਪ੍ਰਕਾਸ਼ਨ ਨਾਲ ਹੀ ਨਹੀਂ ਜੁੜਿਆ, ਬਲਕਿ ਇਸ ਸਮਕਾਲ ਵਿਚ ਉਹਨਾਂ ਦੇ ਜਗਾਏ ਸੈਂਕੜੇ ਦੀਵੇ ਸਮਾਜ ਵਿਚ ਪ੍ਰਬੰਧਕੀ, ਸਾਹਿਤਕ ਜਾਂ ਅਧਿਆਪਨ ਦੇ ਖੇਤਰ ਵਿਚ ਰੌਸ਼ਨੀ ਵੰਡ ਰਹੇ ਹਨ। ਡਾ. ਭਾਟੀਆ ਨੇ 25 ਸਾਲ ਆਈ. ਏ. ਐੱਸ. ਦੀਆਂ ਜਮਾਤਾਂ ਵਿਚ ਵਿਦਿਆਰਥੀਆਂ ਨੂੰ ਤਾਲੀਮ ਦਿੱਤੀ ਹੈ। ਉਹਨਾਂ ਦੇ ਪੜਾਏ 50 ਤੋਂ ਜ਼ਿਆਦਾ ਆਈ. ਏ. ਐੱਸ. ਪਾਸ ਕਰਨ ਵਾਲੇ ਵਿਦਿਆਰਥੀ ਡੀ.ਸੀ., ਏ. ਡੀ. ਸੀ. ਅਤੇ ਕਮਿਸ਼ਨਰ ਆਦਿ ਅਹੁਦਿਆਂ ਤੇ ਆਪਣੀ ਭੂਮਿਕਾ ਨਿਭਾ ਰਹੇ ਹਨ। ਉਹਨਾਂ ਨੇ ਪੰਜਾਬੀ ਆਲੋਚਨਾ ਦਾ ਵਿਸ਼ਲੇਸ਼ਣ ਕਰਦਿਆਂ ਤਰਕਮਈ ਆਧਾਰਸ਼ਿਲਾ ਤਿਆਰ ਕੀਤੀ ਅਤੇ ਨਵੇਂ ਸਮੀਖਿਆ ਮਾਪਦੰਡਾਂ, ਅਧਿਐਨ ਜ਼ਾਵੀਏ ਅਤੇ ਅਵਲੋਕਨ ਨਜ਼ਰੀਏ ਨੂੰ ਘੜਣ ਦੇ ਨਾਲ ਨਾਲ ਪੰਜਾਬੀ ਆਲੋਚਨਾ ਦੀ ਪ੍ਰਮਾਣਿਕ ਇਤਿਹਾਸਕਾਰੀ ਵੀ ਕੀਤੀ। ਉਹਨਾਂ ਦੁਆਰਾ ਲਿਖੀ ਪੁਸਤਕ 'ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ' ਇਕ ਪ੍ਰਮਾਣਿਕ ਦਸਤਾਵੇਜ਼ ਹੈ। ਮਰਹੂਮ ਲੇਖਕ ਕਿਸ਼ਨ ਸਿੰਘ, ਮੋਹਨ ਸਿੰਘ ਦੀਵਾਨਾ ਅਤੇ ਡਾ. ਜਗਤਾਰ ਬਾਰੇ ਉਹਨਾਂ ਦੀ 'ਪੰਜਾਬੀ ਸਾਹਿਤ ਦੇ ਨਿਰਮਾਤਾ' ਪੁਸਤਕ ਲੜੀ ਬਹੁਤ ਹੀ ਮੁੱਲਵਾਨ ਕਾਰਜ ਹਨ।

## ਬਲਦੇਵ ਗਰੇਵਾਲ ਦਾ ਕਹਾਣੀ ਸੰਗ੍ਰਹਿ 'ਸੀਤੇ ਬੁੱਲ੍ਹਾਂ ਦਾ ਸੁਨੇਹਾ' ਲੋਕ ਅਰਪਣ




ਅਮਰੀਕਾ ਵਸਦੇ ਪ੍ਰਸਿੱਧ ਪੱਤਰਕਾਰ, ਕਹਾਣੀਕਾਰ, ਨਾਵਲਕਾਰ ਬਲਦੇਵ ਗਰੇਵਾਲ ਦਾ ਕਹਾਣੀ ਸੰਗ੍ਰਹਿ 'ਸੀਤੇ ਬੁੱਲ੍ਹਾਂ ਦਾ ਸੁਨੇਹਾ' ਸਰੀ ਵਿਖੇ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਬਲਦੇਵ ਗਰੇਵਾਲ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਸ਼ੁਰੂਆਤ ਵਿਚ ਸਤੀਸ਼ ਗੁਲਾਟੀ ਨੇ ਸਭਨਾਂ ਦਾ ਸਵਾਗਤ ਕੀਤਾ। ਪ੍ਰੋ. ਕਿਰਪਾਲ ਬੈਂਸ ਨੇ ਬਲਦੇਵ ਗਰੇਵਾਲ ਦੀ ਜਾਣ ਪਛਾਣ ਕਰਵਾਈ ਅਤੇ ਉਨ੍ਹਾਂ ਨਾਲ ਆਪਣੀ ਕਾਲਜ ਵੇਲੇ ਦੀ ਸਾਂਝ ਬਾਰੇ ਦੱਸਿਆ। ਨਾਮਵਰ ਵਿਦਵਾਨ ਡਾ. ਸਾਧੂ ਸਿੰਘ ਨੇ ਬਲਦੇਵ ਗਰੇਵਾਲ ਨੂੰ ਇਸ ਕਹਾਣੀ ਸੰਗ੍ਰਹਿ ਦੀ ਮੁਬਾਰਕਬਾਦ ਦਿੰਦਿਆਂ ਟਾਈਟਲ ਕਹਾਣੀ 'ਸੀਤੇ ਬੁੱਲ੍ਹਾਂ ਦਾ ਸੁਨੇਹਾ' ਬਾਰੇ ਵਿਸਥਾਰ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਉੱਘੇ ਵਿਦਵਾਨ ਡਾ. ਰਘਬੀਰ ਸਿੰਘ ਸਿਰਜਣਾ ਨੇ ਪੁਸਤਕ ਵਿਚਲੀਆਂ ਕੁਝ ਕਹਾਣੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਬਲਦੇਵ ਗਰੇਵਾਲ ਨੇ ਇਸ ਪੁਸਤਕ ਬਾਰੇ ਗੱਲਬਾਤ ਕਰਨ ਦੇ ਨਾਲ ਨਾਲ ਪੰਜਾਬੀ ਦੇ ਪ੍ਰਸਿੱਧ ਅਖਬਾਰ 'ਰੋਜ਼ਾਨਾ ਅਜੀਤ' ਵਿਚ ਬਤੌਰ ਮੈਗਜ਼ੀਨ ਐਡੀਟਰ ਹੁੰਦਿਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ। ਬਚਪਨ ਸਮੇਂ ਦੁਸਹਿਰਾ ਦੇਖਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਉਹ ਬੇਹੱਦ ਭਾਵੁਕ ਹੋ ਗਏ ਅਤੇ ਕਿਹਾ ਕਿ ਉਸ ਸਮੇਂ ਦਾ ਬੱਚਾ ਅਜੇ ਵੀ ਮੇਰੇ ਮਨ ਵਿਚ ਵੱਸਦਾ ਹੈ ਅਤੇ ਮੇਰੀਆਂ ਬਹੁਤ ਸਾਰੀਆਂ ਕਹਾਣੀਆਂ ਵੀ ਉਸ ਬੱਚੇ ਤੋਂ ਪ੍ਰਭਾਵਿਤ ਹਨ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਹਰਦਮ ਮਾਨ, ਕਾਮਰੇਡ ਨਵਰੂਪ ਸਿੰਘ, ਇਕਬਾਲ ਪੁਰੇਵਾਲ ਅਤੇ ਮਿਸਟਰ ਭੱਟੀ ਨੇ ਵੀ ਬਲਦੇਵ ਗਰੇਵਾਲ ਨੂੰ ਕਹਾਣੀਆਂ ਦੀ ਚੰਗੀ ਸੁਗਾਤ ਲਈ ਵਧਾਈ ਦਿੱਤੀ।

**ਹਰਦਮ ਮਾਨ**
**+16043086663**

# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ




ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵਲੋਂ ਚੌਥਾ ਸਾਹਿਤਕ ਸੰਮੇਲਨ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜੋ ਉਸਤਾਦ ਗ਼ਜ਼ਲਗੋ ਉਲਫ਼ਤ ਬਾਜਵਾ ਨੂੰ ਸਮਰਪਿਤ ਸੀ। ਪਹਿਲੇ ਭਾਗ ਵਿਚ ਮੁੱਖ ਬੁਲਾਰਿਆਂ ਨੇ ਇਸ ਸਾਹਿਤ ਸਭਾ ਦੀ ਅਹਿਮੀਅਤ ਅਤੇ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਡਾ. ਗੁਰਵਿੰਦਰ ਸਿੰਘ ਧਾਲੀਵਾਲ ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿਸਟਰਡ) ਐਬਰਟਸਫੋਰ ਨੇ ਆਲਮ ਤੇ ਉਲਫਤ ਦੀ ਕਵਿਤਾ/ਗ਼ਜ਼ਲ ਸਿਰਜਣਾ ਉਪਰ ਇਕ ਪਰਚਾ ਪੜ੍ਹਿਆ। ਮਨਮੋਹਨ ਸਿੰਘ ਸਮਰਾ ਪ੍ਰਾਈਮ ਏਸ਼ੀਆ ਟੀ. ਵੀ., ਰਾਜਿੰਦਰ ਸਿੰਘ ਪੰਧੇਰ ਕਾਲਮ ਨਵੀਸ, ਜ਼ਿਲੇ ਸਿੰਘ ਸੇਵਾ ਮੁਕਤ ਰਾਜਦੂਤ ਕਾਲਮ ਨਵੀਸ ਅੰਗ੍ਰੇਜ਼ੀ ਅਖ਼ਬਾਰ ਅਤੇ ਭੁਪਿੰਦਰ ਸਿੰਘ ਮੱਲੀ ਨੇ ਆਪਣੇ ਆਪਣੇ ਵਿਚਾਰ ਰੱਖੇ। ਪ੍ਰਿੰ. ਮਲੂਕ ਚੰਦ ਕਲੇਰ ਸੰਸਥਾਪਕ ਨੇ ਸਾਹਿਤ ਸੰਮੇਲਨ ਦੇ ਪਹਿਲੇ ਭਾਗ ਦਾ ਸੰਚਾਲਨ ਬਖ਼ੂਬੀ ਨਿਭਾਇਆ। ਦੂਜੇ ਭਾਗ ਵਿਚ ਕਵੀ ਦਰਬਾਰ ਕਰਾਇਆ ਗਿਆ। ਮਨਜੀਤ ਸਿੰਘ ਮੱਲਾ ਅਤੇ ਅਮਰੀਕ ਸਿੰਘ ਮਾਨ ਨੇ ਆਲਮ ਦੀ ਕਵਿਤਾ ਤਰੰਨੁਮ ਵਿਚ ਸੁਣਾਈ। ਚਮਕੌਰ ਸਿੰਘ ਸੇਖੋਂ ਉਘੇ ਸਾਰੰਗੀ ਵਾਦਕ, ਗੁਰਮੀਤ ਸਿੰਘ ਸੇਖੋਂ ਢਾਡੀ, ਰਣਜੀਤ ਸਿੰਘ ਨਿੱਜਰ, ਪਰਮਵੀਰ ਸਿੰਘ ਆਦਿ ਕਵੀਆਂ ਨੇ ਕਵੀ ਦਰਬਾਰ ਵਿਚ ਕਵਿਤਾਵਾਂ ਸੁਣਾਈਆਂ। ਹਰਚੰਦ ਸਿੰਘ ਗਿੱਲ ਨੇ ਕਵਿਤਾ ਵੀ ਪੇਸ਼ ਕੀਤੀ ਤੇ ਮੰਚ ਦਾ ਸੰਚਾਲਨ ਵੀ ਕੀਤਾ। ਦਲੀਪ ਸਿੰਘ ਗਿੱਲ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸੀਨੀਅਰ ਸੈਂਟਰ, ਅਵਤਾਰ ਸਿੰਘ ਢਿੱਲੋਂ, ਬਿੱਕਰ ਸਿੰਘ ਧਾਲੀਵਾਲ, ਬਖ਼ਸ਼ੀਸ਼ ਸਿੰਘ, ਗੁਰਦਿਆਲ ਸਿੰਘ ਔਜਲਾ, ਦਲਜੀਤ ਸਿੰਘ, ਤੇਜਵੀਰ ਸਿੰਘ, ਹਰਬੰਸ ਕੌਰ ਮਾਨ, ਗੁਰਸਰਨ ਸਿੰਘ, ਜਸਵੰਤ ਸਿੰਘ ਆਦਿ ਸਾਹਿਤ ਪ੍ਰੇਮੀਆਂ ਨੇ ਵੀ ਹਾਜ਼ਰੀ ਭਰੀ। ਸੀਤਾ ਰਾਮ ਅਹੀਰ ਨੇ ਸਮਾਗਮ ਦੀ ਫ਼ੋਟੋਗਰਾਫ਼ੀ ਕੀਤੀ। ਹਾਜ਼ਰ ਸਾਹਿਤ ਪ੍ਰੇਮੀਆਂ ਦੀ ਪ੍ਰਾਹੁਣਚਾਰੀ ਵੀ ਕੀਤੀ ਗਈ। ਸਾਹਿਤਕ ਸੰਮੇਲਨ ਬਹੁਤ ਹੀ ਸਾਦਾ ਪਰ ਪ੍ਰਭਾਵਸ਼ਾਲੀ ਰਿਹਾ।

## ਡਾ. ਸਾਧੂ ਸਿੰਘ ਨੂੰ ਪ੍ਰੀਤਮ ਸਿੰਘ ਬਾਸੀ ਯਾਦਗਾਰੀ ਐਵਾਰਡ



ਪੰਜਾਬੀ ਕਲਚਰਲ ਫਾਊਂਡੇਸ਼ਨ ਵੱਲੋਂ ਡਾ. ਰਘਬੀਰ ਸਿੰਘ ਦੀ ਪ੍ਰਧਾਨਗੀ ਹੇਠ ਪੰਜਾਬ ਭਵਨ ਸਰੀ ਵਿਖੇ ਸਵਰਗਵਾਸੀ ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਛੇਵਾਂ ਯਾਦਗਾਰੀ ਐਵਾਰਡ ਡਾ. ਸਾਧੂ ਸਿੰਘ ਨੂੰ ਦੇਣ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿਚ ਡਾ. ਸਾਧੂ ਸਿੰਘ ਨੂੰ 1100 ਡਾਲਰ ਅਤੇ ਪਲੇਕ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੰਗਾ ਬਾਸੀ ਵੱਲੋਂ ਆਪਣੇ ਪਿਤਾ ਦੀ ਯਾਦ ਵਿਚ ਇਹ ਪੁਰਸਕਾਰ ਹਰ ਵਰ੍ਹੇ ਦਿੱਤਾ ਜਾਂਦਾ ਹੈ। ਡਾ. ਸਾਧੂ ਸਿੰਘ ਨੇ ਸਾਹਿਤਕ ਜਗਤ ਵਿਚ ਗਲਪ ਲੇਖਕ, ਕਵੀ, ਖੋਜੀ, ਅਨੁਵਾਦਕ ਅਤੇ ਸੰਪਾਦਕ ਵਜੋਂ ਆਪਣੀ ਅਲੱਗ ਪਛਾਣ ਕਾਇਮ ਕੀਤੀ ਹੈ। ਪੂਰਾ ਆਦਮੀ ਅਤੇ ਵਿਸਫੋਟ (ਕਹਾਣੀ ਸੰਗ੍ਰਿਹਿ), ਮੜੀ ਦਾ ਦੀਵਾ (ਆਲੋਚਨਾ), ਪੂਰਨ ਸਿੰਘ ਦਾ ਕਾਵਿ ਸਿਧਾਂਤ ਆਲੋਚਨਾ, ਹਾਏ ਨੀ ਧੀਏ ਮੋਰਨੀਏ (ਨਾਟਕ), ਪੰਜਾਬੀ ਬੋਲੀ ਦੀ ਵਿਰਾਸਤ (ਵਾਰਤਕ) ਅਤੇ ਹਿੰਦੋਸਤਾਨ ਗਦਰ ਪਾਰਟੀ ਦਾ ਸੰਖੇਪ ਇਤਿਹਾਸ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। 1990 ਤੋਂ ਉਹ ਸਰੀ ਬ੍ਰਿਟਿਸ਼ ਕੋਲੰਬੀਆ ਦੇ ਵਾਸੀ ਹਨ। ਇਸ ਮੌਕੇ ਡਾ. ਸਾਧੂ ਬਿੰਨਿਗ ਨੇ ਉਹਨਾਂ ਦੇ ਸਾਹਿਤਕ ਕਾਰਜ, ਵਿਦਵਤਾ, ਉਹਨਾਂ ਦੇ ਅਨੁਵਾਦ ਅਤੇ ਖੋਜ ਕਾਰਜਾਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ। ਇਸ ਸਮਾਗਮ ਦਾ ਸੰਚਾਲਨ ਸਾਹਿਤਕਾਰ ਮੋਹਨ ਗਿੱਲ ਵੱਲੋਂ ਕੀਤਾ ਗਿਆ। ਇਸ ਮੌਕੇ ਨਦੀਮ ਪਰਮਾਰ ਦਾ ਨਾਵਲ 'ਮਾਪੇ ਵੱਖਰੀ ਤਰ੍ਹਾਂ ਦੇ' ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਵਿਚ ਪੰਜਾਬ ਭਵਨ ਦੇ ਸੰਸਥਾਪਕ ਸੁੱਖੀ ਬਾਠ, ਜਰਨੈਲ ਸਿੰਘ ਸੇਖਾ, ਸੁਰਿੰਦਰ ਢੇਸੀ, ਸੁਰਿੰਦਰ ਬਰਾੜ, ਜਰਨੈਲ ਸਿੰਘ ਆਰਟਿਸਟ, ਮੰਗਾ ਬਾਸੀ, ਡਾ. ਰਘਬੀਰ ਸਿੰਘ ਸਿਰਜਣਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਮਾਗਮ ਦੇ ਅੰਤ ਵਿਚ ਸੁੱਖੀ ਬਾਠ ਨੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ।

# ਸਰਗਰਮੀਆਂ... ਕੈਨੇਡਾ

## ਜਗਤ ਪੰਜਾਬੀ ਸਭਾ ਕੈਨੇਡਾ

## ਅੱਠਵੀਂ ਵਰਲਡ ਪੰਜਾਬੀ ਕਾਨਫਰੰਸ




ਜਗਤ ਪੰਜਾਬੀ ਸਭਾ (ਕੈਨੇਡਾ) ਵਲੋਂ ਕਰਵਾਈ ਗਈ 8ਵੀਂ ਵਰਲਡ ਪੰਜਾਬੀ ਕਾਨਫਰੰਸ ਵਿਚ ਇੰਡੀਆ, ਪਾਕਿਸਤਾਨ, ਆਸਟ੍ਰੇਲੀਆ, ਦੁਬਈ, ਅਮਰੀਕਾ ਤੇ ਕੈਨੇਡਾ ਦੇ ਬੁੱਧੀਜੀਵੀਆਂ ਨੇ ਭਾਗ ਲਿਆ। ਇਹ ਕਾਨਫ਼ਰੰਸ 24 ਜੂਨ 2022 ਨੂੰ ਸੈਂਚਰੀ ਗਾਰਡਨਜ ਰੈਕਰੀਏਸ਼ਨ ਸੈਂਟਰ ਬਰੈਂਪਟਨ ਵਿੱਚ ਅਰੰਭ ਹੋਈ। ਆਰੰਭਕ ਸੈਸ਼ਨ ਦਾ ਸੰਚਾਲਨ ਸਰਦਾਰ ਸਰਦੂਲ ਸਿੰਘ ਥਿਆੜਾ ਨੇ ਕੀਤਾ ਤੇ ਪਹਿਲਾਂ ਕੈਨੇਡਾ ਵਿਚ ਸੰਸਥਾ ਵਲੋਂ ਕਰਵਾਈਆਂ ਸੱਤ ਵਰਲਡ ਪੰਜਾਬੀ ਕਾਨਫਰੰਸਾਂ ਬਾਰੇ ਜਾਣਕਾਰੀ ਦਿੱਤੀ। ਕਾਨਫਰੰਸ ਦੀ ਸ਼ੁਰੂਆਤ ਮੁੱਖ ਮਹਿਮਾਨ ਸਰਦਾਰ ਚਰਨਜੀਤ ਸਿੰਘ ਬਾਠ ਨੇ ਕੀਤੀ ਅਤੇ ਸ਼ਮਾ ਰੌਸ਼ਨ ਕਰਨ ਦੀ ਰਸਮ ਡਾ. ਦਲਜੀਤ ਸਿੰਘ (ਸਾਬਕਾ, ਵਾਈਸ ਚਾਂਸਲਰ), ਸ. ਕੁਲਵਿੰਦਰ ਸਿੰਘ ਥਿਆੜਾ (ਸਾਬਕਾ ਏ. ਆਈ. ਜੀ.), ਸ. ਤਰਲੋਚਨ ਸਿੰਘ ਅਟਵਾਲ ਤੇ ਜੱਸ ਸਿੰਘ, ਅਕਾਲ ਸਟੀਲ, ਮੈਟ ਮਹੋਨੀ (ਕੌਂਸਲਰ ਮਿਸੀਸਾਗਾ), ਰੋਨ ਸਟਾਰ ਕੌਂਸਲਰ ਨੇ ਕੀਤੀ। ਸਵਾਗਤੀ ਸ਼ਬਦ ਸਰਦਾਰ ਤਰਲੋਚਨ ਸਿੰਘ ਅਟਵਾਲ ਵੱਲੋ ਬੋਲੇ ਗਏ।ਇਸ ਮੌਕੇ 'ਤੇ ਸੋਨੀਆ ਸਿੱਧੂ, ਮਨਿੰਦਰ ਸਿੱਧੂ (ਐਮ. ਪੀ.) ਨੇ ਵੀ ਸੰਬੋਧਨ ਕੀਤਾ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਸੰਦੇਸ਼ ਸਾਂਝਾ ਕੀਤਾ। ਸ. ਦਲਬੀਰ ਸਿੰਘ ਕਥੂਰੀਆ (ਪ੍ਰਧਾਨ, ਜਗਤ ਪੰਜਾਬੀ ਸਭਾ) ਨੇ ਸੱਭ ਨੂੰ ਜੀ ਆਇਆਂ ਕਿਹਾ। ਇਸ ਮੌਕੇ ਤੇ ਸਰਬਜੀਤ ਸਿੰਘ ਵਿਰਕ, ਗੁਰਸ਼ਰਨ ਕੌਰ ਦਿਓਲ ਨੇ ਵੀ ਵਿਚਾਰ ਸਾਂਝੇ ਕੀਤੇ। ਮੁੱਖ ਮਹਿਮਾਨ ਸਰਦਾਰ ਚਰਨਜੀਤ ਸਿੰਘ ਬਾਠ (ਯੂ. ਐਸ. ਏ.) ਨੇ ਪੰਜਾਬੀ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਇਸ

ਤੋਂ ਬਾਅਦ ਡਾ. ਅਜੈਬ ਸਿੰਘ ਚੱਠਾ (ਚੇਅਰਮੈਨ, ਜਗਤ ਪੰਜਾਬੀ ਸਭਾ) ਨੇ 2009 ਤੋਂ ਸਹਿਯੋਗ ਕਰਨ ਵਾਲੇ ਮੈਬਰਾਂ ਦਾ ਸਨਮਾਨ ਕੀਤਾ। ਇਸ ਮੌਕੇ ਡਾਕਟਰ ਦਲਜੀਤ ਸਿੰਘ (ਸਾਬਕਾ, ਵਾਈਸ ਚਾਂਸਲਰ) ਦੇ ਜੀਵਨ ਤੇ ਡਾਕੂਮੈਂਟਰੀ ਪੇਸ਼ ਕੀਤੀ ਅਤੇ "ਭਾਈ ਵੀਰ ਸਿੰਘ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਅਰਵਿੰਦਰ ਢਿੱਲੋਂ ਨੂੰ "ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਇਤਿਹਾਸ" ਪੁਸਤਕ ਲਈ "ਪੰਜਾਬ ਗੌਰਵ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਡਾ. ਦਲਜੀਤ ਸਿੰਘ ਨੇ ਆਪਣੀ ਵਿਸ਼ੇਸ਼ ਟਿੱਪਣੀ ਕਰਦੇ ਸਿੱਖਿਆ ਦੇ ਮਹੱਤਵ ਅਤੇ ਕਮੀਆਂ ਲਈ ਯਤਨ ਕਰਨ ਦੀ ਗੱਲ ਕੀਤੀ। ਅਗਲੇ ਸੈਸ਼ਨ ਦਾ ਆਰੰਭ ਸ. ਅਰਵਿੰਦਰ ਢਿੱਲੋਂ ਨੇ ਕਰਦੇ ਹੋਏ ਭਾਸ਼ਾ ਦੀ ਸਥਿਤੀ ਅਤੀਤ ਦੇ ਹਵਾਲੇ ਨਾਲ ਕੀਤੀ ਅਤੇ ਭਾਸ਼ਾ ਦੀ ਅਮੀਰ ਵਿਰਾਸਤ ਦੀ ਗੱਲ




ਕੀਤੀ। ਇਸ ਸੈਸ਼ਨ ਵਿੱਚ ਸ਼ਾਮਿਲ ਵਿਦਵਾਨਾਂ ਵਿੱਚ ਡਾਕਟਰ ਪਰਵੀਨ ਕੁਮਾਰ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ), ਡਾ. ਜਸਵਿੰਦਰ ਕੌਰ ਮਾਂਗਟ, ਵਿਵੇਕ ਜੋਤ ਬਰਾੜ, ਸ. ਪਿਸ਼ੌਰਾ ਸਿੰਘ ਢਿਲੋਂ ਨੇ ਵਿਚਾਰ ਸਾਂਝੇ ਕੀਤੇ।

ਦੂਜੇ ਦਿਨ ਦੀ ਸ਼ੁਰੂਆਤ ਸ. ਸੰਤੋਖ ਸਿੰਘ ਸੰਧੂ ਨੇ ਕੀਤੀ। ਦੂਸਰੇ ਦਿਨ ਦੇ ਪਹਿਲੇ ਸੈਸ਼ਨ ਦਾ ਸੰਚਾਲਨ ਕਰਨ ਅਜਾਇਬ ਸਿੰਘ ਸੰਘਾ ਨੇ ਕੀਤਾ। ਇਸ ਸੈਸ਼ਨ ਦੇ ਚੇਅਰਪਰਸਨ ਡਾਕਟਰ ਬਲਵਿੰਦਰਜੀਤ ਕੌਰ ਭੱਟੀ ਸੀ। ਇਸ ਸੈਸ਼ਨ ਵਿਚ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਵਿਦਵਾਨਾਂ ਵਲੋਂ ਵੱਖ-ਵੱਖ ਪੇਪਰ ਪੜ੍ਹੇ ਗਏ। ਪੇਪਰ ਪੜ੍ਹਨ ਵਾਲੇ ਵਿਦਵਾਨ ਸ. ਸਰਬਜੀਤ ਸਿੰਘ ਵਿਰਕ, ਸ. ਸੁਖਵਿੰਦਰ ਕੌਰ ਵਿਰਕ, ਡਾਕਟਰ

ਸਤਪਾਲ ਕੌਰ ਦਿੱਲੀ ਤੇ ਸ. ਸੋਹਣ ਸਿੰਘ ਪਰਮਾਰ ਸਨ। ਦੂਸਰੇ ਦਿਨ ਦੇ ਦੂਜੇ ਸੈਸ਼ਨ ਦਾ ਸੰਚਾਲਨ ਸ. ਹਰਦਿਆਲ ਸਿੰਘ ਝੀਤਾ ਕੀਤਾ। ਸ. ਕੁਲਵਿੰਦਰ ਸਿੰਘ ਥਿਆੜਾ ਇਸ ਸੈਸ਼ਨ ਦੇ ਚੇਅਰਪਰਸਨ ਸਨ। ਇਸ ਸੈਸ਼ਨ ਵਿਚ ਕ਼ਾਇਦਾ-ਏ-ਨੂਰ ਬਾਰੇ ਵਿਦਵਾਨਾਂ ਵਲੋਂ ਪੇਪਰ ਪੜ੍ਹੇ ਗਏ। ਪੇਪਰ ਪੜ੍ਹਨ ਵਾਲੇ ਵਿਦਵਾਨ, ਸਤਿੰਦਰਜੀਤ ਕੌਰ ਬੁੱਟਰ (ਸਟੇਟ ਅਵਾਰਡੀ), ਜਸਵਿੰਦਰ ਕੌਰ ਜੱਸੀ (ਲੁਧਿਆਣਾ) ਸਨ। ਤੀਜੇ ਸੈਸ਼ਨ ਲਈ ਮੰਚ ਦੀ ਕਾਰਵਾਈ ਨਵਨੀਤ ਕੌਰ (ਵਿਨੀਪੈਗ ਕੈਨੇਡਾ) ਨੇ ਚਲਾਈ। ਇਸ ਸੈਸ਼ਨ ਦੇ ਚੇਅਰਪਰਸਨ ਡਾਕਟਰ ਪਰਮਿੰਦਰ ਕੌਰ (ਪੰਜਾਬੀ ਯੂਨੀਵਰਿਟੀ, ਪਟਿਆਲਾ) ਸੀ ਤੇ ਬੁਲਾਰੇ ਬਬਨੀਤ ਕੌਰ ਨੇ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਸੰਭਾਵਨਾਵਾਂ ਵਿਸ਼ੇ ਉੱਪਰ ਗੱਲ ਕੀਤੀ। ਕੁਲਵਿੰਦਰ ਕੌਰ ਕੋਮਲ ਦੁਬਈ ਨੇ ਸਾਰਥਕ ਕਦਮ ਚੁੱਕੇ ਜਾਣ ਦੀ ਗੱਲ ਕੀਤੀ। ਡਾਕਟਰ ਸੱਤਪਾਲ ਕੌਰ ਨੇ ਦਿਲ੍ਹੀ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਗੱਲ ਕੀਤੀ।

ਚੌਥੇ ਸੈਸ਼ਨ ਲਈ ਮੰਚ ਦੀ ਕਾਰਵਾਈ ਤਾਹਿਰ ਅਸਲਮ ਗੋਰਾ (ਕੈਨੇਡਾ) ਨੇ ਚਲਾਈ। ਇਸ ਸੈਸ਼ਨ ਦੇ ਚੇਅਰਪਰਸਨ ਸ. ਅਮਰ ਸਿੰਘ ਭੁੱਲਰ, ਮਾਲਿਕ ਹਮਦਰਦ ਮੀਡੀਆ ਗਰੁੱਪ ਸਨ ਤੇ ਬੁਲਾਰੇ ਹਲੀਮਾ ਸਾਦੀਆ ਤੇ ਡਾਕਟਰ ਨਸਰੀਨ ਖਾਨ (ਪ੍ਰਿੰਸੀਪਲ, ਇਸਲਾਮੀਆ ਕਾਲਜ, ਲਹੌਰ ਕੈਂਟ) ਸੀ। ਉਨ੍ਹਾਂ ਨੇ ਪੰਜਾਬੀਆਂ ਦੇ ਦੁਨੀਆਂ ਵਿਚ ਕੀਤੇ ਕੰਮਾਂ  ਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਦੁਨੀਆ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਸੰਭਾਵਨਾਵਾਂ ਦੀ ਗੱਲ ਵੀ ਕੀਤੀ। ਤੀਜੇ ਦਿਨ ਦੀ ਸ਼ੁਰੂਆਤ ਵਿਚ ਵਿਸ਼ਵ ਪੰਜਾਬੀ ਕਾਨਫਰੰਸਾਂ ਤੇ ਡਾਕੂਮੈਂਟਰੀ ਦਿਖਾ ਕੇ ਕੀਤੀ ਗਈ। "ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦਾ ਇਤਿਹਾਸ "ਪੁਸਤਕ ਬਾਰੇ ਸੀ। ਜਿਸ ਵਿੱਚ ਚੇਅਰਪਰਸਨ ਵੱਜੋ ਸ. ਹਕੂਮਤ ਸਿੰਘ ਮੱਲੀ (ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਸਕੇ ਭਾਣਜੇ ਹਨ) ਸ਼ਾਮਿਲ ਹੋਏ ਤੇ ਸ. ਪਿਆਰਾ ਸਿੰਘ ਕੁੱਦੋਵਾਲ ਨੇ ਪੁਸਤਕ ਤੇ ਵਿਸਥਾਰ ਵਿੱਚ ਗੱਲ ਕੀਤੀ। ਸਮਾਪਤੀ ਸਮਾਰੋਹ ਵਿੱਚ ਡਾਕਟਰ ਦਲਜੀਤ ਸਿੰਘ (ਸਰਪ੍ਰਸਤ), ਡਾ. ਅਜੈਬ ਸਿੰਘ ਚੱਠਾ (ਚੇਅਰਮੈਨ), ਤਰਲੋਚਨ ਸਿੰਘ ਅਟਵਾਲ (ਪ੍ਰਧਾਨ) ਅਤੇ ਡਾਕਟਰ ਗੁਰਪ੍ਰੀਤ ਕੌਰ ਸ਼ਾਮਿਲ ਹੋਏ। ਗੁਰਪ੍ਰੀਤ ਕੌਰ ਨੇ ਕਾਨਫ਼ਰੰਸ ਦੀ ਰਿਪੋਰਟ ਪੇਸ਼ ਕੀਤੀ। ਸ. ਅਜੈਬ ਸਿੰਘ ਚੱਠਾ ਨੇ ਸਿੱਖਿਆ ਦੀ ਗੁਣਵੱਤਾ ਤੇ ਗੱਲ ਕੀਤੀ ਤੇ "ਕਾਇਦਾ-ਏ-ਨੂਰ ਇੱਕੀਵੀਂ ਸਦੀ" ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਡਾ. ਰਮਨੀ ਬੱਤਰਾ, ਬਲਵਿੰਦਰ ਕੌਰ ਚੱਠਾ, ਰਮਿੰਦਰ ਵਾਲੀਆ, ਸੁੰਦਰਪਾਲ ਰਾਜਾਸਾਂਸੀ, ਕੁਲਵਿੰਦਰ ਕੌਰ ਕੋਮਲ (ਚੇਅਰਪਰਸਨ) ਸਪਰਿੰਗ ਡੇਲ ਪਬਲਿਕ ਸਕੂਲ, ਭੁਪਿੰਦਰ ਸਿੰਘ ਵਾਲੀਆ, ਗੁਰਿੰਦਰ ਵਾਲੀਆ,

ਡਾ. ਜਸਵਿੰਦਰ ਕੌਰ ਢਿੱਲੋਂ, ਸਰਬਜੀਤ ਕੌਰ ਘੁੰਮਣ, ਜਸਵਿੰਦਰ ਕੌਰ ਜੱਸੀ , ਡਾ. ਸੁਖਜੀਤ ਕੌਰ, ਡਾ. ਸਤਿੰਦਰ ਕੌਰ ਬੁੱਟਰ, ਗਗਨ ਚੱਠਾ, ਕਰਨ ਅਜਾਇਬ ਸਿੰਘ ਸੰਘਾ, ਕੁਲਦੀਪ ਕੌਰ ਦੀਪ, ਬਲਵਿੰਦਰ ਕੌਰ, ਰੁਪਿੰਦਰ ਕੌਰ, ਤ੍ਰਿਪਤਾ ਸੋਢੀ, ਮੀਤਾ ਖੰਨਾ, ਪ੍ਰਭਦਿਆਲ ਸਿੰਘ ਖੰਨਾ, ਤੀਰਥ ਸਿੰਘ ਦਿਓਲ ਤੋਂ ਇਲਾਵਾ ਪਰਵਾਸੀ ਮੀਡੀਆ ਤੋਂ ਰਾਜਿੰਦਰ ਸਿੰਘ ਸੈਣੀ, ਹਮਦਰਦ ਮੀਡੀਆ ਤੋਂ ਕਰਮਜੀਤ ਕੌਰ ਭੁੱਲਰ, ਮਨਪ੍ਰੀਤ ਕੌਰ, ਮਨਜਿੰਦਰ ਪ੍ਰੀਤ ਜਗਤ ਮੀਡੀਆ, ਪਿਆਰਾ ਸਿੰਘ ਆਸਟ੍ਰੇਲੀਆ, ਆਸ਼ਕ ਰਾਹੀਲ ਪਾਕਿਸਤਾਨ, ਬਲਵਿੰਦਰ ਸਿੰਘ ਚੱਠਾ, ਪ੍ਰੀਤਮ ਸਿੰਘ ਘੁੰਮਣ, ਡਾ. ਨਸਰੀਨ ਖਾਨ, ਪ੍ਰਿੰ. ਇਸਲਾਮੀਆ ਕਾਲਜ ਲਹੌਰ ਕੈਂਟ, ਰਣਜੀਤ ਸਿੰਘ ਗਿੱਲ ਕੈਲੀਫੋਰਨੀਆ ਤੋਂ ਹਾਜਰ ਹੋਏ। ਕਾਨਫਰੰਸ ਦੀ ਕਾਰਵਾਈ ਵਿਚ ਛੇ ਮਤੇ ਸਰਬਸੰਮਤੀ ਨਾਲ ਪਾਸ ਹੋਏ। ਜੂਨ 27 ਨੂੰ ਡਿਕਸੀ ਗੁਰੂਘਰ ਵਲੋਂ ਸਾਰੇ ਵਿਦਵਾਨਾਂ ਦਾ ਸਨਮਾਨ ਕੀਤਾ ਗਿਆ ਤੇ ਸ. ਅਜੈਬ ਸਿੰਘ ਚੱਠਾ ਨੂੰ "ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਜੂਨ 29, 2022 ਨੂੰ ਬਰੈਪਟਨ ਸਿਟੀ ਦੇ ਮੇਅਰ ਤੇ ਕੌਂਸਲਰ ਵੱਲੋਂ ਅਤੇ ਮਿਸੀਸਾਗਾ ਦੇ ਮੇਅਰ ਤੇ ਕੌਂਸਲਰ ਵੱਲੋਂ ਆਪਣੇ ਸ਼ਹਿਰਾਂ ਦੇ ਦਫਤਰਾਂ ਵਿਚ ਸਾਰੇ ਵਿਦਵਾਨਾਂ ਦਾ ਸਨਮਾਨ ਕੀਤਾ।

## ਪਰਵਾਸੀ ਸਾਹਿਤ ਅਧਿਐਨ ਕੇਂਦਰ

### ਪਰਵਾਸ ਪੱਤ੍ਰਿਕਾ ਅਕਤੂਬਰ-ਦਸੰਬਰ 2022 ਅੰਕ 19ਵਾਂ

### (ਬਰਤਾਨੀਆ ਵਿਸ਼ੇਸ਼ ਅੰਕ)

ਆਪ ਜੀ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦਾ ਅਕਤੂਬਰ-ਦਸੰਬਰ ਅੰਕ 2022 ਬਰਤਾਨੀਆ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋਵੇਗਾ। ਜੇਕਰ ਆਪ ਬਰਤਾਨੀਆ ਦੀ ਕਿਸੇ ਸਾਹਿਤ ਸਭਾ ਨਾਲ ਜੁੜੇ ਹੋਏ ਹੋ ਤਾਂ ਉਸ ਦੀ ਜਾਣਕਾਰੀ ਸਾਡੇ ਨਾਲ ਲਿਖਤ ਰੂਪ ਵਿਚ ਸਾਂਝੀ ਕਰਨਾ ਜੀ ਪਰ ਜੇਕਰ ਆਪ ਕਿਸੇ ਵੀ ਸਾਹਿਤ ਸਭਾ ਨਾਲ ਨਹੀਂ ਜੁੜੇ ਹੋਏ ਪਰ ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਸਰਗਰਮੀ ਨਾਲ ਕਾਰਜਸ਼ੀਲ ਹੋ ਤਾਂ ਕਿਰਪਾ ਕਰਕੇ ਸਾਨੂੰ ਸੰਖੇਪ ਵਿਚ **ਆਪਣਾ ਜੀਵਨ ਬਿਓਰਾ, ਪ੍ਰਕਾਸ਼ਨਾਵਾਂ, ਪਾਸਪੋਰਟ ਸਾਈਜ਼ ਫੋਟੋ, ਸੰਪਰਕ ਨੰ., ਈਮੇਲ ਤੇ ਪੂਰਾ ਪਤਾ ਸਾਨੂੰ ਇਕ ਹਫ਼ਤੇ ਅੰਦਰ ਭੇਜ ਦੇਣਾ ਜੀ।** ਸਾਨੂੰ ਆਸ ਹੈ ਕਿ ਇਸ ਪ੍ਰੋਜੈਕਟ ਨੂੰ ਨੇਪਰੇ ਚੜਾਉਣ ਵਿਚ ਆਪ ਜੀ ਸਾਨੂੰ ਭਰਵਾਂ ਸਹਿਯੋਗ ਦੇਵੋਗੇ।

ਧੰਨਵਾਦ ਸਹਿਤ

**ਡਾ. ਤੇਜਿੰਦਰ ਕੌਰ**
ਕੋਆਰਡੀਨੇਟਰ
8729080250

**ਪ੍ਰੋ. ਸ਼ਰਨਜੀਤ ਕੌਰ**
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
9501027522

**ਈਮੇਲ: parvasggn@gmail.com**

# ਪੁੰਗਰਦੇ ਹਰਫ ਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਕਵੀ ਦਰਬਾਰ



ਸਮਾਜ ਦੇ ਸਰਬਖੱਖੀ ਵਿਕਾਸ ਲਈ ਜ਼ਰੂਰੀ ਤੱਤ 'ਸ਼ਾਬਦਿਕ ਸੰਵਾਦ ਰਚਾਉਣਾ' ਅਤੇ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਪੁੰਗਰਦੇ ਹਰਫ (ਵਿਸ਼ਵ ਕਾਵਿ-ਮਹਿਫਲ) ਵੱਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਹਿਯੋਗ ਨਾਲ ਇਕ ਹੋਰ ਹੰਭਲਾ ਮਾਰਿਆ ਗਿਆ। ਇਸ ਸਾਹਿਤਕ ਪ੍ਰੋਗਰਾਮ ਵਿੱਚਲੇ ਕਵੀ ਦਰਬਾਰ ਵਿੱਚ ਭਾਰਤ, ਕੈਨੇਡਾ, ਅਮਰੀਕਾ, ਪਾਕਿਸਤਾਨ, ਇਟਲੀ, ਕੋਰੀਆ ਵੱਸਦੇ ਕਵੀਆਂ ਨੂੰ ਇਕੱਠਾ ਕੀਤਾ ਗਿਆ। ਕਹਾਣੀਕਾਰ ਡਾ. ਕੁਲਦੀਪ ਸਿੰਘ ਦੀਪ ਨੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਹਾਜ਼ਰ ਕਵੀਆਂ ਅਤੇ ਲੇਖਕ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਪੁੰਗਰਦੇ ਹਰਫ ਦੀ ਵਿਸ਼ੇਸ਼ ਸਹਿਯੋਗੀ ਪ੍ਰਿੰ. ਡਾ. ਕਮਲ ਪ੍ਰੀਤ ਕੌਰ ਗਿਦੜਬਾਹਾ ਨੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਕਵਿਤਾਵਾਂ ਦੇ ਦੌਰ ਵਿੱਚ ਅੰਜੂ ਰੱਤੀ, ਕਵਿੱਤਰੀ ਜਸਵੀਰ ਮੰਗੂਵਾਲ ਵਿਨੀਪੈਗ, ਚੰਦਨ ਹਾਜ਼ੀਪੁਰੀਆ, ਸਤਵੀਰ ਰਾਜੇਆਣਾ ਵਿਨੀਪੈਗ, ਰੋਮੀ ਘੜਾਮੇ ਵਾਲਾ, ਮਾਸਟਰ ਲਖਵਿੰਦਰ ਸਿੰਘ, ਸਾਧੂ ਸਿੰਘ ਝੱਜ ਸਹਾਇਕ ਸਕੱਤਰ ਪੰਜਾਬੀ ਲਿਖਾਰੀ ਸਭਾ ਸਿਆਟਲ, ਨਜ਼ਮਾ ਪਾਕਿਸਤਾਨ ਤੇ ਰਵਿੰਦਰ ਭਾਟੀਆ, ਸੁਦੇਸ਼ ਰਾਣੀ, ਪ੍ਰੇਮ ਪਾਲ ਪ੍ਰੇਮ  ਇਟਲੀ ਆਦਿ ਕਵੀ ਕਵਿੱਤਰੀਆਂ ਨੇ ਵੱਖ' ਵੱਖ' ਰੰਗਾਂ ਦੀਆਂ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਦਲਜਿੰਦਰ ਰਹਿਲ ਇਟਲੀ, ਮੰਗਤ ਕੁਲਜਿੰਦ ਅਤੇ ਪ੍ਰੀਤ ਹੀਰ, ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਮੀਤ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਆਪਣੇ ਵਿਚਾਰ ਸਾਂਝੇ ਕੀਤੇ।  ਨਦੀਮ ਅਫਜ਼ਲ (ਪਾਕਿਸਤਾਨ), ਗੁਰਸ਼ਰਨ ਸਿੰਘ ਅਤੇ ਡਾ. ਗਗਨਦੀਪ ਸਿੰਘ, ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ। ਪ੍ਰਧਾਨ ਰਮਨਦੀਪ ਕੋਰ ਰੰਮੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

# ਸਾਹਿਤ ਸੁਰ ਸੰਗਮ ਸਭਾ ਇਟਲੀ ਤੇ ਪੰਜਾਬ ਭਵਨ ਸਰੀ ਕਨੇਡਾ ਦੇ ਆਪਸੀ ਸਹਿਯੋਗ ਨਾਲ ਦੂਸਰੀ ਯੂਰਪੀ ਪੰਜਾਬੀ ਕਾਨਫਰੰਸ ਇਟਲੀ ਵਿਚ




ਇਟਲੀ (ਬਰੇਸ਼ੀਆ) ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਪੰਜਾਬ ਭਵਨ ਸਰੀ ਕਨੇਡਾ ਦੇ ਸਹਿਯੋਗ ਨਾਲ ਅਕਤੂਬਰ ਮਹੀਨੇ ਦੂਸਰੀ ਯੂਰਪੀ ਪੰਜਾਬੀ ਕਾਨਫ਼ਰੰਸ ਦਾ ਆਯੋਜਨ ਹੋਵੇਗਾ। ਇਹ ਖ਼ਬਰ ਸਭਾ ਵੱਲੋਂ ਬਰੇਸ਼ੀਆ ਵਿੱਚ ਕੀਤੀ ਗਈ ਮੀਟਿੰਗ ਤੋਂ ਬਾਅਦ ਸਾਂਝੀ ਕਰਦਿਆਂ ਸਭਾ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਇਟਲੀ ਦੀ ਧਰਤੀ ਉੱਪਰ ਪੰਜਾਬੀ ਬੋਲੀ ਦੀ ਉੱਨਤੀ ਅਤੇ ਪ੍ਰਸਾਰ ਹਿੱਤ ਦੂਸਰੀ ਪੰਜਾਬੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ। ਇਸ ਕਾਨਫ਼ਰੰਸ ਵਿੱਚ ਜਿੱਥੇ ਇਟਲੀ ਦੇ ਲੇਖਕ, ਕਵੀ ਅਤੇ ਬੁੱਧੀਜੀਵੀ ਭਾਗ ਲੈਣਗੇ। ਉੱਥੇ ਯੂਰਪ ਦੇ ਕਈ ਦੇਸ਼ਾਂ ਤੋਂ ਵੀ ਵੱਖ ਵੱਖ ਸਖਸ਼ੀਅਤਾਂ ਹਿੱਸਾ ਲੈਣਗੀਆ। ਇਹ ਵੀ ਜ਼ਿਕਰਯੋਗ ਹੈ ਪੰਜਾਬ ਭਵਨ ਸਰੀ ਕਨੇਡਾ ਦਾ ਇਸ ਕਾਨਫਰੰਸ ਵਿੱਚ ਸਹਿਯੋਗ ਅਤੇ ਸ਼ਮੂਲੀਅਤ ਹੋਵੇਗੀ ਅਤੇ ਸੁੱਖੀ ਬਾਠ ਵਿਸ਼ੇਸ਼ ਵਫਦ ਨਾਲ ਸ਼ਾਮਲ ਹੋਣਗੇ। ਇਸ ਕਾਨਫਰੰਸ ਵਿੱਚ ਪੰਜਾਬੀ ਬੋਲੀ ਨਾਲ ਸੰਬੰਧਤ ਵੱਖ ਵੱਖ ਵਿਸ਼ਿਆਂ ਨੂੰ ਵਿਚਾਰਿਆ ਜਾਵੇਗਾ। ਜਿਹਨਾਂ ਵਿੱਚ ਪੰਜਾਬੀ ਬੋਲੀ ਅਤੇ ਇਸਦਾ ਪ੍ਰਸਾਰ, ਯੂਰਪ ਵਿੱਚ ਪੰਜਾਬੀ ਸਾਹਿਤ ਨਾਲ ਸੰਬੰਧਤ ਸੰਭਾਵਨਾਵਾਂ, ਤਕਨੀਕੀ ਯੁੱਗ ਵਿੱਚ ਆ ਰਹੀ ਤਬਦੀਲੀ ਤੇ ਇਸਦੇ ਬਦਲ ਆਦਿ ਵਿਸ਼ਿਆਂ ਤੋਂ ਇਲਾਵਾ ਹੋਰ ਵੀ ਕਈ ਪੱਖ ਵਿਚਾਰੇ ਜਾਣਗੇ। ਇਸ ਮੀਟਿੰਗ ਦੌਰਾਨ ਰਾਜੂ ਹਠੂਰੀਆ, ਦਲਜਿੰਦਰ ਰਹਿਲ, ਬਿੰਦਰ ਕੋਲੀਆਂਵਾਲ, ਰਾਣਾ ਅਠੌਲਾ, ਸਿੱਕੀ ਝੱਜੀ ਪਿੰਡ ਵਾਲਾ, ਪ੍ਰੋ ਜਸਪਾਲ ਸਿੰਘ, ਯਾਦਵਿੰਦਰ ਸਿੰਘ ਬਾਗੀ, ਮੇਜਰ ਸਿੰਘ ਖੱਖ, ਨਿਰਵੈਲ ਸਿੰਘ ਢਿੱਲੋਂ, ਪਰੇਮਪਾਲ ਸਿੰਘ, ਪਲਵਿੰਦਰ ਸਿੰਘ ਪਿੰਦਾ, ਜਸਕਰਨ ਸਿੰਘ ਤੇ ਹਰਦੀਪ ਕੰਗ ਆਦਿ ਵਿਸ਼ੇਸ਼ ਤੌਰ ‘ਤੇ ਸ਼ਾਮਲ ਹੋਏ।

# ਪੰਜਾਬੀ ਸਾਹਿਤ ਕਲਾ ਕੇਂਦਰ ਯੂ. ਕੇ. ਵਲੋਂ ਸਾਲਾਨਾ ਸਾਹਿਤਕ ਸਮਾਗਮ




ਪੰਜਾਬੀ ਸਾਹਿਤ ਕਲਾ ਕੇਂਦਰ ਯੂ. ਕੇ. ਵੱਲੋਂ ਸਾਲਾਨਾ ਸਾਹਿਤ ਸਮਾਗਮ ਸਾਊਥਾਲ ਵਿਖੇ ਕਰਵਾਇਆ ਗਿਆ, ਜਿਸ ਵਿਚ ਇੰਗਲੈਂਡ ਭਰ 'ਚ ਰਹਿੰਦੇ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੇਖਕਾਂ ਤੋਂ ਇਲਾਵਾ ਗਲਾਸਗੋ, ਚੰਡੀਗੜ੍ਹ, ਆਸਟਰੇਲੀਆ, ਕੈਨੇਡਾ ਤੋਂ ਆਏ ਲੇਖਕਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮਨਪ੍ਰੀਤ ਸਿੰਘ ਬੱਧਨੀ ਕਲਾਂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸਮਾਗਮ ਦੀ ਪ੍ਰਧਾਨਗੀ ਡਾ. ਮਹਿੰਦਰ ਗਿੱਲ, ਮਹਿੰਦਰਪਾਲ ਸਿੰਘ ਧਾਲੀਵਾਲ, ਕੁਲਵੰਤ ਕੌਰ ਢਿੱਲੋਂ, ਜਸਵਿੰਦਰ ਰੱਤੀਆਂ, ਅਮੀਨ ਕੁੰਜਾਹੀ, ਡਾ. ਦਵਿੰਦਰ ਕੌਰ, ਦਲਵੀਰ ਸੁੰਮਨ ਹਲਵਾਰਵੀ, ਨੁਜ਼ਹਤ ਅੱਬਾਸ, ਪ੍ਰਕਾਸ਼ ਸੋਹਲ, ਸੁਭਾਸ਼ ਭਾਸਕਰ ਅਤੇ ਸੰਤੋਖ ਹੇਅਰ ਨੇ ਕੀਤੀ ਅਤੇ ਪਹਿਲੇ ਭਾਗ 'ਚ ਜਸਵਿੰਦਰ ਰੱਤੀਆਂ ਦੇ ਨਾਵਲ ਕੰਡਿਆਲੇ ਸਾਕ ਬਾਰੇ ਡਾ: ਦਵਿੰਦਰ ਕੌਰ ਨੇ ਪਰਚਾ ਪੜ੍ਹਿਆ, ਜਿਸ 'ਤੇ ਬਾਅਦ ਵਿਚ ਭਰਪੂਰ ਚਰਚਾ ਹੋਈ। ਇਸ ਮੌਕੇ ਪੰਜਾਬੀ ਸਾਹਿਤ ਕਲਾ ਕੇਂਦਰ ਵੱਲੋਂ ਉੱਘੇ ਸ਼ਾਇਰ ਦਰਸ਼ਨ ਬੁਲੰਦਵੀ ਨੂੰ ਪੰਜਾਬੀ ਸਾਹਿਤ ਅਤੇ ਜਸਵੰਤ ਕੌਰ ਬੋਲਾ ਨੂੰ ਪੰਜਾਬੀ ਗੀਤ ਸੰਗਤਿ ਵਿਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਗੁਰਨਾਮ ਸਿੰਘ ਗਰੇਵਾਲ ਅਤੇ ਕੁਲਵੰਤ ਢਿੱਲੋਂ ਨੇ ਜਾਣੂ ਕਰਵਾਇਆ। ਪੰਜਾਬੀ ਭਾਸ਼ਾ ਵਿਚ ਏ ਲੈਵਲ ਤੱਕ ਦੀ ਪੜ੍ਹਾਈ ਕਰਨ ਵਾਲੇ ਯੂ. ਕੇ. ਦੇ ਜੰਮਪਲ ਨੌਜਵਾਨ ਦਵਿੰਦਰਜੀਤ ਸਿੰਘ ਗਰੇਵਾਲ ਨੂੰ ਸਨਮਾਨਿਤ ਕੀਤਾ ਗਿਆ। ਦੂਜੇ ਭਾਗ ਵਿਚ ਦੋਵੇਂ ਪੰਜਾਬ ਦੇ ਲੇਖਕਾਂ ਦੀਆਂ ਕਿਤਾਬਾਂ ਜਾਰੀ ਕੀਤੀਆਂ ਗਈਆਂ। ਸਮਾਗਮ ਦੀ ਕਾਰਵਾਈ ਮਨਜੀਤ ਕੌਰ ਪੱਡਾ ਅਤੇ ਅਜ਼ੀਮ ਸ਼ੇਖ਼ਰ ਨੇ ਨਿਭਾਈ। ਕਵੀ ਦਰਬਾਰ ਵਿੱਚ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।


# ਸੁਖਜੀਤ ਦੇ ਕਹਾਣੀ ਸੰਗ੍ਰਹਿ 'ਮੈਂ ਇਨਜੁਆਏ ਕਰਦੀ ਹਾਂ' ਦਾ ਅੰਗਰੇਜ਼ੀ ਅਨੁਵਾਦ ਬਰਮਿੰਘਮ ਵਿੱਚ ਲੋਕ ਅਰਪਣ





ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਤੇ ਮਾਛੀਵਾੜਾ ਵੱਸਦੇ ਪੰਜਾਬੀ ਕਹਾਣੀਕਾਰ ਸੁਖਜੀਤ ਦੇ ਚਰਚਿਤ ਕਹਾਣੀ ਸੰਗ੍ਰਹਿ 'ਮੈਂ ਇੰਜੁਆਏ ਕਰਦੀ ਹਾਂ' ਦਾ ਅੰਗਰੇਜ਼ੀ ਅਨੁਵਾਦ ਬੀਤੇ ਦਿਨ ਬਰਮਿੰਘਮ ਦੇ ਸ਼ਹਿਰ ਵੁਲਵਰਹੈਂਪਟਨ ਵਿੱਚ ਮੋਤਾ ਸਿੰਘ ਸਰਾਏ (ਸੰਚਾਲਕ ਯੂਰਪੀ ਪੰਜਾਬੀ ਸੱਥ ਯੂ. ਕੇ.) ਦੀ ਪ੍ਰਧਾਨਗੀ ਵਿੱਚ ਕਰਵਾਏ ਗਏ ਸਾਹਿਤਕ ਸਮਾਗਮ ਵਿੱਚ ਲੋਕ ਅਰਪਣ ਕੀਤਾ ਗਿਆ। ਇਸ ਸਾਹਿਤਕ ਸਮਾਗਮ ਪ੍ਰਸਿੱਧ ਲੇਖਕ ਤੇ ਅਨੁਵਾਦਕ ਸੁਭਾਸ਼ ਭਾਸਕਰ ਤੇ ਆਸਟਰੇਲੀਆ ਵੱਸਦੇ ਲੇਖਕ ਤੇ ਟੀ. ਵੀ. ਪੇਸ਼ਕਾਰ ਦਲਵੀਰ ਸੁਮਨ ਹਲਵਾਰਵੀ ਦਾ ਵੀ ਰੂ-ਬ-ਰੂ ਕਰਵਾਇਆ ਗਿਆ। ਸਮਾਗਮ ਵਿੱਚ ਵਿੱਚ ਕੁਲਵੰਤ ਕੌਰ ਢਿੱਲੋਂ ਪ੍ਰਧਾਨ ਸਾਹਿਤ ਕਲਾ ਕੇਂਦਰ ਸਾਊਥਾਲ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ। ਜਿਹਨਾਂ ਨੇ ਸਾਹਿਤ ਸਭਾ ਸਮਰਾਲਾ, ਲੋਕ ਵਿਰਾਸਤ ਅਕਾਦਮੀ ਲੁਧਿਆਣਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਸਾਂਝੇ ਤੌਰ ਤੇ ਭੇਜਿਆ ਸੁਨੇਹਾ ਪੜ ਕੇ ਸਭ ਨਾਲ ਸਾਂਝਾ ਕੀਤਾ। ਉੱਘੇ ਇਤਿਹਾਸਕਾਰ ਬਲਵਿੰਦਰ ਸਿੰਘ ਚਾਹਲ ਨੇ ਸੰਖੇਪ ਵਿੱਚ ਇਸ ਕਹਾਣੀ ਸੰਗ੍ਰਹਿ ਤੇ ਚਾਨਣਾ ਪਾਇਆ। ਉਪਰੋਕਤ ਸਖਸ਼ੀਅਤਾਂ ਤੋਂ ਇਲਾਵਾ ਇਸ ਸਮੇਂ ਜਸਵਿੰਦਰ ਰੱਤੀਆ, ਸ਼ਾਇਰ ਰਜਿੰਦਰਜੀਤ, ਕੁਲਵੰਤ ਸਿੰਘ ਢੇਸੀ, ਸੰਤੋਖ ਹੇਅਰ, ਮਹਿੰਦਰ ਦਿਲਬਰ, ਤਾਰਾ ਸਿੰਘ ਤਾਰਾ, ਚਰਨਜੀਤ ਰਾਇਤ, ਸ਼ਗੁਫਤਾ ਗਿੰਮੀ, ਨਿਰਮਲ ਸਿੰਘ ਕੰਧਾਲਵੀ, ਗੁਰਮੇਲ ਕੌਰ ਸੰਘਾ, ਮਨਜੀਤ ਕਮਲਾ, ਬਲਦੇਵ ਦਿਉਲ, ਉਂਕਾਰਪ੍ਰੀਤ ਸਿੰਘ, ਡਾ ਰਸ਼ਮੀ, ਗੀਤਕਾਰ ਤਰਲੋਚਨ ਸਿੰਘ ਚੰਨ ਜੰਡਿਆਲਵੀ, ਰਵਿੰਦਰ ਸਿੰਘ ਕੁੰਦਰਾ, ਗੀਤਕਾਰ ਹਰਜਿੰਦਰ ਮੱਲ, ਮਨਮੋਹਨ ਸਿੰਘ ਮਹੇੜੂ, ਗ਼ਜ਼ਲਗੋ ਭੁਪਿੰਦਰ ਸੱਗੂ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਸਮੇਂ ਕਵੀ ਦਰਬਾਰ ਵੀ ਕਰਵਾਇਆ ਗਿਆ।


# ਯੂਰਪੀ ਲੇਖਕਾਂ ਦੀਆਂ ਪੁਸਤਕਾਂ






































# ਯੂਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ ਦਾ ਸਨਮਾਨ

